# ਕੈਨੇਡਾ ਦਰਪਣ

ਜੂਨ 27, 1986

**June 27, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਪਤਾਹਿਕ
Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING JUNE 27, 1986 Vol. 5 No. 25 Price 35¢ Out of Greater Vancouver 50¢ Ph. (604)581-4473

### ਅੰਦਰ ਪੜ੍ਹੋ :-


- ਗੁਰਸ਼ਰਨ ਸਿੰਘ ਦੀ ਆਪਣੇ ਲੋਕਾਂ ਦੇ ਨਾਂ ਚਿੱਠੀ
- ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਬਾਰੇ —ਹਰਦਿਆਲ ਸਿੰਘ ਜੌਹਲ—
- ਵਿਅੰਗ ਸਮਰਾਟ ਗੁਰਨਾਮ ਸਿੰਘ ਤੀਰ ਨਾਲ ਮੁਲਾਕਾਤ
- ਆਜ਼ਾਦ ਵਪਾਰ ਦਾ ਭਿਅੰਕਰ ਦੈਂਤ
- ਗੇਨਰਜ਼ ਮੀਟ ਪਲਾਂਟ ਵਿਚ ਹੋਈ ਹੜਤਾਲ —ਹੁੰਦਲ, ਸਾਧੂ—
- ਸਿਆਸੀ ਘਰੂਟ
- ਫਿਲਮੀ ਸਮੀਖਿਆ
- Punjab Crisis


## ਭਾਰਤ ਵਿਚ ਵੀ ਗ੍ਰਿਫਤਾਰੀਆਂ ਸ਼ੁਰੂ

# ਕੈਨੇਡਾ ਵਿਚ ਬੱਬਰ ਖਾਲਸਾ ਦੇ ਸੱਤ ਵਿਅਕਤੀ ਗ੍ਰਿਫਤਾਰ

ਹੈਮਿਲਟਨ — 'ਬੱਬਰ ਖਾਲਸਾ' ਦੇ ਸੱਤ ਮੈਂਬਰ — ਤਲਵਿੰਦਰ ਸਿੰਘ ਪਰਮਾਰ, ਅਜਾਇਬ ਸਿੰਘ ਬਾਗੜੀ (ਕੈਮਲੂਪਸ), ਰਾਮਪਾਲ ਸਿੰਘ ਢਿੱਲੋਂ (ਬਰੈਂਪਟਨ), ਸਾਧੂ ਸਿੰਘ ਥਿਆੜਾ (ਹੈਮਿਲਟਨ), ਤੇਜਿੰਦਰ ਸਿੰਘ ਕਲੋਅ (ਹੈਮਿਲਟਨ), ਸਰਮੁੱਖ ਸਿੰਘ ਲੱਖੀਆਂ (ਹੈਮਿਲਟਨ), ਦਲਜੀਤ ਸਿੰਘ ਦਿਉਲ (ਹੈਮਿਲਟਨ) ਵੱਖ ਵੱਖ ਦੋਸ਼ਾਂ ਅਧੀਨ ਫੜੇ ਗਏ ਹਨ। ਉਨ੍ਹਾਂ ਦੀਆਂ ਜ਼ਮਾਨਤਾਂ ਦੀ ਸੁਣਵਾਈ ਅਜ ਦਸ ਵਜੇ ਹੋ ਰਹੀ ਹੈ।



### ਕਥਿਤ ਦੋਸ਼

ਤਲਵਿੰਦਰ ਸਿੰਘ ਪਰਮਾਰ ਅਤੇ ਉਸਦੇ ਸਾਥੀਆਂ ਵਿਰੁੱਧ ਕਥਿਤ ਦੋਸ਼ ਹੈਮਿਲਟਨ ਕੋਰਟ ਵਿਚ ਪੜ੍ਹੇ ਗਏ ਜਿਨ੍ਹਾਂ ਵਿਚ ਭਾਰਤ ਵਿਚ ਦਹਿਸ਼ਤਵਾਦੀ ਕਾਰਵਾਈਆਂ ਦੇ ਦੋਸ਼ ਲਾਏ ਗਏ ਹਨ। ਕਥਿਤ ਦੋਸ਼ਾਂ ਵਿਚ ਪਾਰਲੀਮੈਂਟ ਨੂੰ ਉਡਾਉਣਾ, ਪਾਰਲੀਮੈਂਟ ਮੈਂਬਰਾਂ ਦੇ ਬੱਚੇ ਅਗਵਾ ਕਰਨਾ, [illegible] ਨੂੰ ਬੰਬਾਂ ਨਾਲ ਉਡਾਉਣ ਦੀਆਂ ਸਾਜ਼ਿਸ਼ਾਂ ਸ਼ਾਮਲ ਹਨ।

### ਬਾਗੜੀ ਕੈਮਲੂਪਸ ਤੋਂ ਫੜਿਆ

ਅਜਾਇਬ ਸਿੰਘ ਬਾਗੜੀ ਨੂੰ ਕੈਮਲੂਪਸ ਵਿਚ ਗ੍ਰਿਫਤਾਰ ਕੀਤਾ ਗਿਆ ਅਤੇ ਇਕ ਹੋਰ ਬੱਬਰ ਦੇ ਘਰ ਦੀ ਵੀ ਤਲਾਸ਼ੀ ਲਈ ਗਈ। ਤਲਵਿੰਦਰ ਸਿੰਘ ਪਰਮਾਰ ਨੂੰ ਹੈਮਿਲਟਨ ਵਿਚ ਗ੍ਰਿਫਤਾਰ ਕੀਤਾ ਗਿਆ ਪਰ ਬਰਨਬੀ ਵਿਚ ਉਸਦੇ ਘਰ ਦੀ ਤਲਾਸ਼ੀ ਲਈ ਗਈ।

### ਤਿੰਨ ਹਵਾਈ ਅੱਡੇ ਤੋਂ ਫੜੇ

ਇਨ੍ਹਾਂ ਵਿਚੋਂ ਤਿੰਨ ਵਿਅਕਤੀ ਟਰਾਂਟੋ ਏਅਰਪੋਰਟ ਤੋਂ ਗ੍ਰਿਫਤਾਰ ਕੀਤੇ ਗਏ। ਉਹ ਇੰਗਲੈਂਡ ਦੇ ਹੇਥਰੋ ਹਵਾਈ ਅੱਡੇ ਤੇ ਉਤਰੇ ਸਨ ਪਰ ਤਿੰਨਾਂ ਨੂੰ ਹੀ ਹੇਥਰੋ ਹਵਾਈ ਅੱਡੇ ਤੋਂ ਮੋੜ ਦਿਤਾ ਗਿਆ ਤੇ ਉਹ ਵਾਪਸ ਟਰਾਂਟੋ ਹਵਾਈ ਅੱਡੇ ਤੇ ਪੁੱਜੇ ਜਿਥੇ ਪੁਲਸ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ।

ਉਹ ਸ਼ੁਕਰਵਾਰ ਨੂੰ ਇੰਗਲੈਂਡ ਨੂੰ ਹਵਾਈ ਜਹਾਜ਼ਾਂ ਤੇ ਚੜ੍ਹੇ ਸਨ — ਜਿਸ ਸਮੇਂ ਉਹ ਲੰਡਨ ਨੂੰ ਜਾ ਰਹੇ ਸਨ ਉਸ ਸਮੇਂ ਇਥੇ ਗ੍ਰਿਫਤਾਰੀਆਂ ਸ਼ੁਰੂ ਹੋ ਚੁੱਕੀਆਂ ਸਨ।

ਕੈਨੇਡਾ ਦੀ ਪੁਲਸ ਨੇ ਬਰਤਾਨਵੀ ਅਧਿਕਾਰੀਆਂ ਨੂੰ ਇਨ੍ਹਾ ਬਾਰੇ ਪਹਿਲਾਂ ਹੀ ਸੂਚਨਾ ਦੇ ਦਿਤੀ ਸੀ। ਇਸ ਲਈ ਲੰਡਨ ਏਅਰਪੋਰਟ ਉਤੇ ਹੀ ਇਨ੍ਹਾਂ ਨੂੰ ਰੋਕ ਲਿਆ ਗਿਆ।

### ਕਈ ਮਹੀਨਿਆਂ ਤੋਂ ਤਫ਼ਤੀਸ਼ ਜਾਰੀ

'ਗਲੋਬ ਐਂਡ ਮੇਲ' ਅਨੁਸਾਰ ਆਰ. ਸੀ. ਐਮ. ਪੀ. ਅਤੇ ਕੈਨੇਡਾ ਦੀ ਖੁਫੀਆ ਏਜੰਸੀ ਕਈ ਮਹੀਨਿਆਂ ਤੋਂ ਇਨ੍ਹਾਂ ਵਿਅਕਤੀਆਂ ਦੀ ਨਜ਼ਰਸਾਨੀ ਕਰ ਰਹੀਆਂ ਸਨ। ਸੂਖਮ ਯੰਤਰਾਂ ਰਾਹੀਂ ਸੁਨੇਹੇ, ਫੋਨ ਆਦਿ ਚੈਕ ਹੋ ਰਹੇ ਸਨ। ਕਿਊਬੈਕ, ਓਨਟੇਰੀਓ, ਬੀ. ਸੀ. ਆਦਿ ਦੇ ਗੁਰਦੁਆਰੇ ਵੀ ਨਿਗਰਾਨੀ ਹੇਠ ਸਨ।

ਟਰਾਂਟੋ ਤੋਂ ਭਾਰਤੀ ਮੂਲ ਦੇ ਪੁਲਸ ਅਫਸਰ ਵੀ ਤਫਤੀਸ਼ ਵਿਚ ਸ਼ਾਮਲ ਸਨ ਤੇਜਿੰਦਰ ਸਿੰਘ ਕਲੋਅ, ਜੋ ਜਥੇ ਦਾ ਸੀਨੀਅਰ ਵਿਅਕਤੀ ਕਿਹਾ ਜਾਂਦਾ ਹੈ, ਦੇ ਘਰ 25 ਪੁਲਸ ਵਾਲਿਆਂ ਨੇ ਛਾਪਾ ਮਾਰਿਆ ਜਿਨ੍ਹਾਂ ਵਿਚ ਟਰਾਂਟੋ ਦਾ ਇਕ ਸਿੱਖ ਪੁਲਸ ਅਫਸਰ ਵੀ ਸ਼ਾਮਲ ਸੀ। ਇਥੋਂ ਤਲਵਿੰਦਰ ਸਿੰਘ ਪਰਮਾਰ ਨੂੰ ਰਾਤ ਦੇ 1 ਵਜੇ ਗ੍ਰਿਫਤਾਰ ਕੀਤਾ ਗਿਆ।

ਬਰੈਂਪਟਨ ਤੋਂ ਸਾਧੂ ਸਿੰਘ ਥਿਆੜਾ ਤੇ ਰਾਮਪਾਲ ਸਿੰਘ ਢਿੱਲੋਂ ਫੜੇ ਗਏ।

ਤੇਜਿੰਦਰ ਸਿੰਘ ਕਲੋਅ, ਸਰਮੁਖ ਸਿੰਘ ਲੱਖੀਆਂ ਅਤੇ ਦਲਜੀਤ ਸਿੰਘ ਦਿਉਲ ਇੰਗਲੈਂਡ ਤੋਂ ਵਾਪਸ ਲਿਆ ਕੇ ਟਰਾਂਟੋ ਹਵਾਈ ਅੱਡੇ ਉਤੇ ਗ੍ਰਿਫਤਾਰ ਕੀਤੇ ਗਏ।

### ਸੋਮਵਾਰ ਨੂੰ ਪੇਸ਼ੀਆਂ

ਓਨਟੇਰੀਓ ਵਿਚ ਫੜੇ ਗਏ ਛੇ ਵਿਅਕਤੀਆਂ ਨੂੰ ਸੋਮਵਾਰ ਹੈਮਿਲਟਨ ਵਿਚ ਪੇਸ਼ ਕੀਤਾ ਗਿਆ। ਜੱਜ ਨੇ ਵੀਰਵਾਰ ਤੱਕ ਪੇਸ਼ੀ ਅੱਗੇ ਪਾ ਦਿੱਤੀ। ਅਜਾਇਬ ਸਿੰਘ ਬਾਗੜੀ ਨੂੰ ਵੈਨਕੂਵਰ ਤੋਂ ਹੈਮਿਲਟਨ ਲਿਆਂਦਾ ਗਿਆ। ਉਸਨੂੰ ਜੱਜ ਸਾਹਮਣੇ ਮੰਗਲਵਾਰ ਪੇਸ਼ ਕੀਤਾ ਗਿਆ।

ਪੇਸ਼ੀ ਸਮੇਂ ਇਨ੍ਹਾਂ ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਰਿਸ਼ਤੇਦਾਰ ਉਥੇ ਪੁਜੇ ਹੋਏ ਸਨ। ਕੋਰਟ ਵਿਚ ਪੇਸ਼ੀ ਸਮੇਂ ਸਾਰੇ ਅੰਮ੍ਰਿਤਧਾਰੀਆਂ ਦੀਆਂ ਛੋਟੀਆਂ ਕਿਰਪਾਨਾਂ ਵੀ ਪੁਲਸ ਨੇ ਲੁਹਾ ਲਈਆਂ।

### ਭਾਰਤ ਵਿਚ ਗ੍ਰਿਫਤਾਰੀਆਂ

ਬੱਬਰ ਖਾਲਸਾ ਦੇ 9 ਵਿਅਕਤੀ ਪੰਜਾਬ ਵਿਚ ਗ੍ਰਿਫਤਾਰ ਕਰ ਲਏ ਗਏ ਹਨ। ਪੁਲਸ ਨੇ ਕਿਹਾ ਕਿ ਕੈਨੇਡਾ ਵਿਚ ਗ੍ਰਿਫਤਾਰ ਕੀਤੇ ਸੱਤ ਵਿਅਕਤੀਆਂ ਦਾ ਸੰਪਰਕ ਇਨ੍ਹਾਂ ਲੋਕਾਂ ਨਾਲ ਸੀ। [illegible] ਰਾਹੀਂ ਉਨ੍ਹਾਂ ਨਾਲ ਗਲਬਾਤ ਹੁੰਦੀ ਸੀ।

### ਗਿਬਨਜ਼ ਫੇਰ ਵਕੀਲ

ਬੱਬਰ ਖਾਲਸਾ ਦੇ ਇਨ੍ਹਾਂ ਵਿਅਕਤੀਆਂ ਦੀ ਪ੍ਰਤੀਨਿਧਤਾ ਡੇਵਿਡ ਗਿਬਨਜ਼ ਕਰ ਰਿਹਾ ਹੈ। ਉਹ ਅੱਗੇ ਡੰਕਨ ਵਿਚਲੇ ਕੇਸ ਵਿਚ ਵੀ ਪਰਮਾਰ ਦੀ ਵਕੀਲ ਸੀ।

### ਬਲਬੀਰ ਸਿੰਘ ਵੀ ਗ੍ਰਿਫਤਾਰ

ਜਲੰਧਰ ਜ਼ਿਲੇ ਦਾ ਇਕ ਵਿਅਕਤੀ ਬਲਬੀਰ ਸਿੰਘ ਵੀ ਪੰਜਾਬ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ ਜਿਸ ਦੇ ਸਬੰਧ ਬੱਬਰ ਖਾਲਸਾ ਦੇ ਬੰਦਿਆਂ ਨਾਲ ਸਨ। ਅਵਤਾਰ ਸਿੰਘ ਵੀ ਫੜਿਆ ਗਿਆ ਹੈ।

### 14 ਵਿਅਕਤੀ ਪਾਕਿਸਤਾਨ ਪੁੱਜਣੇ ਸਨ

ਇਕ ਅਖਬਾਰ ਨੇ ਇਹ ਪ੍ਰਗਟਾਵਾ ਵੀ ਕੀਤਾ ਹੈ ਕਿ ਸੋਮਵਾਰ ਨੂੰ ਸਥਾਨਕ ਉਡਾਣਾਂ ਰਾਹੀਂ ਕੁਝ ਵਿਅਕਤੀਆਂ ਦੀਆਂ ਸੀਟਾਂ ਬੁੱਕ ਕਰਵਾ ਦਿਤੀਆਂ ਗਈਆਂ ਸਨ। ਫਿਰ ਇਕ ਥਾਂ ਉਤੇ ਇਨ੍ਹਾਂ ਸਾਰਿਆਂ ਦੇ ਇਕੱਠੇ ਹੋਣ ਦਾ ਪਰੋਗਰਾਮ ਸੀ। ਫਿਰ 14 ਵਿਅਕਤੀਆਂ ਨੇ ਪਾਕਿਸਤਾਨ ਰਾਹੀਂ ਭਾਰਤ ਵਿਚ ਦਾਖਲ ਹੋਣਾ ਸੀ।


ਵਿਰਕ ਫ਼ਾਰਮਵਰਕਰਜ਼ ਸਪਲਾਈ ਕੰਪਨੀ ਲਿਮਟਿਡ

ਨੂੰ

ਫ਼ਾਰਮ ਵਰਕਰਾਂ ਦੀ ਲੋੜ ਹੈ

ਸਾਡੇ ਕੋਲ ਸਟਰਾਅ ਬੇਰੀ, ਰਸ ਬੇਰੀ, ਬਲੂ ਬੇਰੀ, ਗੋਭੀ, ਫ਼ਲੀਆਂ ਅਤੇ Winter ਬੇਰੀ ਦਾ ਕੰਮ ਹੈ। ਸਾਰਾ ਸੀਜ਼ਨ ਕੰਮ ਚੱਲੇਗਾ। ਘਰੋਂ ਕੰਮ ਤੇ ਅਤੇ ਕੰਮ ਤੋਂ ਘਰ ਛੱਡਿਆ ਜਾਵੇਗਾ। ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

ਹੋਰ ਜਾਣਕਾਰੀ ਲਈ ਫੋਨ ਕਰੋ :

ਫੋਨ : 325-1027 ਜਾਂ 321-4963

ਭਗਤ ਸਿੰਘ

# ਸਰੀ ਦਾ ਸਤਿੰਦਰਪਾਲ ਲਾਹੌਰ ਵਿਚ ਫਿਰ ਗ੍ਰਿਫਤਾਰ

## ਛੇ ਕੈਨੇਡੀਅਨ ਸਿੰਘਾਂ ਉਤੇ ਫੇਰ ਦੋਸ਼ ਲੱਗੇ

ਲਾਹੌਰ — ਸ਼ਨਿਚਰਵਾਰ ਨੂੰ ਸਰੀ ਦੇ ਰਹਿਣ ਵਾਲਾ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦਾ ਪ੍ਰਧਾਨ ਸਤਿੰਦਰਪਾਲ ਸਿੰਘ ਗਿੱਲ ਪੰਜ ਸਿੰਘਾਂ ਸਮੇਤ ਫੇਰ ਇਥੇ ਗ੍ਰਿਫਤਾਰ ਕਰ ਲਿਆ ਗਿਆ ਹੈ। ਗਿੱਲ ਅਤੇ ਉਸਦੇ ਪੰਜ ਹੋਰ ਸਾਥੀਆਂ ਉਤੇ ਭਾਰਤੀ ਡਿਪਲੋਮੈਟਾਂ ਉਪਰ ਹਮਲੇ ਦਾ ਦੋਸ਼ ਲਾਇਆ ਗਿਆ ਹੈ।

ਲਾਹੌਰ ਦੇ ਗੁਰਦੁਆਰਾ ਡੇਰਾ ਸਾਹਿਬ ਵਿਚ ਅੱਠ ਸਿੰਘਾਂ ਨੇ ਕਿਰਪਾਨਾਂ ਨਾਲ ਚਾਰ ਡਿਪਲੋਮੈਟਾਂ ਉਪਰ ਹਮਲਾ ਕਰ ਦਿਤਾ ਜਿਸਦੇ ਸਿੱਟੇ ਵਜੋਂ ਭਾਰਤੀ ਦੂਤਘਰ ਦਾ ਪਹਿਲਾ ਸਕੱਤਰ ਰਵੀ ਨਾਇਰ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ।

ਖਬਰਾਂ ਅਨੁਸਾਰ ਭਾਰਤੀ ਡਿਪਲੋਮੈਟ ਭਾਰਤ ਤੋਂ ਆਏ 1000 ਸਿੱਖਾਂ ਦੇ ਜਥੇ ਦੀ ਦੇਖਭਾਲ ਲਈ ਗੁਰਦੁਆਰਾ ਡੇਰਾ ਸਾਹਿਬ ਪੁੱਜੇ ਹੋਏ ਸਨ ਜਿਥੇ ਸਤਿੰਦਰਪਾਲ ਸਿੰਘ ਅਤੇ ਉਸਦੇ ਸਾਥੀ ਵੀ ਪਹੁੰਚ ਗਏ।

ਸਤਿੰਦਰਪਾਲ ਸਿੰਘ ਅਤੇ ਉਸਦੇ ਸਾਥੀਆਂ ਨੇ ਨਵੰਬਰ 1985 ਵਿਚ ਵੀ ਦੋ ਭਾਰਤੀ ਡਿਪਲੋਮੈਟਾਂ ਉਤੇ ਹਮਲਾ ਕੀਤਾ ਸੀ ਜਿਸ ਕਾਰਨ ਉਹ ਅਜੇ ਜ਼ਮਾਨਤ ਉਤੇ ਸਨ। ਇਹ ਛੇ ਵਿਅਕਤੀ ਉਹ ਹੀ ਹਨ ਜਿਨ੍ਹਾਂ ਉਤੇ ਹਮਲਾ ਕਰਨ ਦੇ ਪਹਿਲਾਂ ਵੀ ਦੋਸ਼ ਲੱਗ ਚੁੱਕੇ ਹਨ।

ਵਿਲੀਅਮਜ਼ਲੇਕ ਦਾ ਭੁਪਿੰਦਰ ਸਿੰਘ ਕੂਨਰ ਅਤੇ ਵੈਨਕੂਵਰ ਦਾ ਪ੍ਰੀਤਮ ਸਿੰਘ ਧਾਲੀਵਾਲ ਨਵੰਬਰ ਵਿਚ ਹਮਲਾ ਕਰਨ ਸਮੇਂ ਚਾਰਜ ਹੋਏ ਸਨ। ਪਾਕਿਸਤਾਨੀ ਸੂਤਰਾਂ ਅਨੁਸਾਰ ਇਹ ਤਿੰਨੇ ਵਿਅਕਤੀ ਜ਼ਮਾਨਤ ਉਤੇ ਸਨ ਅਤੇ ਪੇਸ਼ੀ ਤੱਕ ਜ਼ਮਾਨਤ ਤੇ ਹੀ ਰਹਿਣਾ ਸੀ ਪਰ ਦੂਸਰੇ ਹਮਲੇ ਕਾਰਨ ਇਨ੍ਹਾਂ ਨੂੰ ਮੁੜ ਗ੍ਰਿਫਤਾਰ ਕਰ ਲਿਆ ਗਿਆ ਹੈ।

# ਵਿੰਨੀਪੈਗ ਵਿਚ ਸਰਕਾਰੀ ਵਕੀਲ ਵਲੋਂ ਦੋਸ਼ੀਆਂ ਨੂੰ ਸਜ਼ਾ ਦੀ ਮੰਗ

ਵਿੰਨੀਪੈਗ — ਇਥੇ ਪ੍ਰੋਵਿੰਨਸ਼ਲ ਕੋਰਟ ਵਿਚ ਸਰਕਾਰੀ ਵਕੀਲ ਨੇ ਕਿਹਾ ਕਿ ਚਾਰ ਵਿਅਕਤੀ ਜਿਨ੍ਹਾਂ ਉਪਰ ਭਾਰਤੀ ਐਕਟਿੰਗ ਹਾਈ ਕਮਿਸ਼ਨਰ ਕੇ. ਪੀ. ਫੇਬੀਅਨ ਉਪਰ ਹਮਲਾ ਕਰਨ ਦਾ ਦੋਸ਼ ਸਾਬਤ ਹੋ ਚੁੱਕਾ ਹੈ ਉਨ੍ਹਾਂ ਨੂੰ ਜੇਲ੍ਹ ਦੀ ਸਜ਼ਾ ਦਿਤੀ ਜਾਵੇ।

ਸਰਕਾਰੀ ਵਕੀਲ ਨੇ ਕਿਹਾ ਕਿ ਦੂਜੇ ਦੇਸ਼ਾਂ ਦੇ ਡਿਪਲੋਮੈਟਾਂ ਨੂੰ ਸੁਰੱਖਿਆ ਦੇਣਾ ਕੈਨੇਡਾ ਸਰਕਾਰ ਦਾ ਫਰਜ਼ ਹੈ। ਜਦ ਤਿੰਨ ਦੋਸ਼ੀ ਆਪਣੇ ਜ਼ੁਰਮ ਦਾ ਇਕਬਾਲ ਕਰ ਗਏ ਹਨ ਅਤੇ ਚੌਥਾ ਵੀ ਦੋਸ਼ੀ ਸਾਬਤ ਹੋ ਚੁੱਕਾ ਹੈ ਤਾਂ ਚਾਰੇ ਵਿਅਕਤੀਆਂ ਨੂੰ ਜੇਲ੍ਹ ਦੀ ਸਜ਼ਾ ਦਿਤੀ ਜਾਵੇ।

ਇਨ੍ਹਾਂ ਚਹੁੰ ਵਿਅਕਤੀਆਂ ਨੇ ਭਾਰਤੀ ਐਕਟਿੰਗ ਹਾਈ ਕਮਿਸ਼ਨਰ ਫੇਬੀਅਨ ਉਤੇ ਗੰਦੇ ਆਂਡੇ ਸੁੱਟੇ ਸਨ ਅਤੇ ਖਿਚ-ਧੂਹ ਵੀ ਕੀਤੀ ਸੀ। ਅੰਤਮ ਫੈਸਲੇ ਦਾ ਪਤਾ ਨਹੀਂ ਲੱਗ ਸਕਿਆ।

# ਅੰਮ੍ਰਿਤਸਰ ਵਿਚ ਤਿੰਨ ਕਤਲ ਹੋਰ

ਅੰਮ੍ਰਿਤਸਰ — ਇਥੇ ਐਤਵਾਰ ਨੂੰ ਦਹਿਸ਼ਤਪਸੰਦਾਂ ਦੇ ਇਕ ਟੋਲੇ ਨੇ ਤਿੰਨ ਵਿਅਕਤੀ ਹੋਰ ਕਤਲ ਕਰ ਦਿਤੇ। ਮਠੜੇਵਾਲ ਪਿੰਡ ਵਿਚ ਇਕ ਵਿਅਕਤੀ ਅਤੇ ਉਸ ਦਾ ਪੁੱਤਰ ਮਾਰ ਦਿੱਤੇ ਗਏ। ਦਹਿਸ਼ਤਪਸੰਦ ਵਲੋਂ ਜੱਜ ਦੀ ਕੋਰਟ ਵਿਚ ਕੰਮ ਕਰਦਾ ਕਲਰਕ ਇਥੋਂ 32 ਕਿਲੋਮੀਟਰ ਦੂਰ ਆਪਣੇ ਵਿਹੜੇ ਵਿਚ ਸੁੱਤਾ ਮਾਰ ਦਿਤਾ ਗਿਆ।

# ਪਾਕਿਸਤਾਨ ਵਿਚ ਵੀ ਬੰਬ ਚਲਣ ਲੱਗੇ

ਪੇਸ਼ਾਵਰ — ਇਥੇ ਇਕ ਸਿਨਮੇ ਘਰ ਦੇ ਸਾਹਮਣੇ ਬੰਬ ਚਲਣ ਨਾਲ ਤਿੰਨ ਪੁਲਸੀਏ ਥਾਂ ਹੀ ਮਰ ਗਏ ਅਤੇ 25 ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋਏ।

# ਪਰਮਾਰ ਵੱਲੋਂ ਭਾਰਤ ਸਰਕਾਰ ਉਤੇ ਦੋਸ਼

## 'ਕੈਨੇਡਾ ਉਤੇ ਦਬਾਅ ਪਾਇਆ ਜਾ ਰਿਹਾ ਹੈ' — ਪਰਮਾਰ

ਟਰਾਂਟੋ — 'ਗਲੋਬ ਐਂਡ ਮੇਲ' ਨੇ ਇਕ ਖਬਰ ਛਾਪੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਤਲਵਿੰਦਰ ਸਿੰਘ ਪਰਮਾਰ ਨੇ ਪਿਛਲੇ ਵੀਰਵਾਰ ਇਕ ਮੁਲਾਕਾਤ ਵਿਚ ਕਿਹਾ ਕਿ ਭਾਰਤ ਸਰਕਾਰ ਕੈਨੇਡਾ ਉਤੇ ਦਬਾਅ ਪਾ ਰਹੀ ਹੈ ਜਿਸ ਕਾਰਨ ਉਸ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ। ਪਰਮਾਰ ਨੇ ਕਿਹਾ 'ਜੋ ਲੋਕ ਭਾਰਤ ਸਰਕਾਰ ਦੇ ਜ਼ੁਲਮ ਵਿਰੁੱਧ ਆਵਾਜ਼ ਉਠਾਉਂਦੇ ਹਨ ਉਨ੍ਹਾਂ ਨੂੰ ਕੈਨੇਡਾ ਸਰਕਾਰ ਜਾਣ ਬੁਝ ਕੇ ਦੁਖੀ ਕਰ ਰਹੀ ਹੈ।' ਉਨ੍ਹਾਂ ਕਿਹਾ ਕਿ ਕੈਨੇਡਾ ਸਰਕਾਰ ਭਾਰਤ ਨਾਲ ਆਪਣਾ ਪੰਜ ਬਿਲੀਅਨ ਡਾਲਰ ਦਾ ਵਪਾਰ ਕਾਇਮ ਰੱਖਣ ਲਈ ਸਾਨੂੰ ਕੁਰਬਾਨੀ ਦੇ ਬੱਕਰੇ ਬਣਾ ਰਹੀ ਹੈ।

ਤਲਵਿੰਦਰ ਸਿੰਘ ਨੇ ਕਿਹਾ, 'ਹਜ਼ਾਰਾਂ ਸਿੰਘ ਦਿੱਲੀ ਵਿਚ ਮਾਰੇ ਗਏ ਪਰ ਭਾਰਤ ਸਰਕਾਰ ਨੇ ਇਕ ਵਿਅਕਤੀ ਨੂੰ ਸਜ਼ਾ ਤੱਕ ਨਹੀਂ ਦਿੱਤੀ।'

ਅਖਬਾਰ ਨੇ ਕਿਹਾ ਹੈ ਕਿ ਬੱਬਰ ਖਾਲਸਾ ਨਾਲ ਕੈਨੇਡਾ ਵਿਚ 100 ਕੁ ਵਿਅਕਤੀ ਹੈ ਅਤੇ ਇਸਦੇ ਮੈਂਬਰਾਂ ਦੀ ਗਿਣਤੀ ਦਿਨੋਂ ਦਿਨ ਘਟ ਰਹੀ ਹੈ। ਭਾਰਤ ਸਰਕਾਰ ਇਨ੍ਹਾਂ ਨੂੰ ਦਹਿਸ਼ਤਪਸੰਦ ਗਰਦਾਨਦੀ ਹੈ।

# ਪੀ. ਜੀ. ਆਈ. ਨੂੰ ਕੇਂਦਰ ਅਧੀਨ ਰਖਾਉਣ ਦੀਆਂ 'ਸਾਜ਼ਿਸ਼ਾਂ'

ਬਰਨਾਲਾ — ਜਿਥੇ ਪੰਜਾਬ ਤੇ ਕੇਂਦਰ ਸਰਕਾਰਾਂ ਵਿਚ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਬਾਰੇ ਲਗਾਤਾਰ ਸੰਪਰਕ ਬਣਿਆ ਹੋਇਆ ਹੈ, ਉਥੇ ਅਜੇ ਵੀ ਕੁਝ ਅਜਿਹੇ ਅਨਸਰ ਹਨ ਜੋ ਕਿਸੇ ਨਾ ਕਿਸੇ ਰੂਪ ਵਿਚ ਇਸ ਯੋਜਨਾ ਨੂੰ ਠੇਸ ਪਹੁੰਚਾਉਣ ਦੇ ਯਤਨਾਂ ਵਿਚ ਹਨ। ਇਨ੍ਹਾਂ ਤੱਤਾਂ ਦਾ ਨਿਸ਼ਾਨਾ ਇਕ ਵਾਰ ਫਿਰ 21 ਜੂਨ ਦੀ ਤਾਰੀਖ ਨੂੰ ਟਾਲਣ ਤੇ ਪੰਜਾਬ ਤੇ ਇਸ ਦੀ ਵਰਤਮਾਨ ਸਰਕਾਰ ਲਈ ਹੋਰ ਉਲਝਣਾਂ ਖੜ੍ਹੀਆਂ ਕਰਨਾ ਹੈ। ਇਹ ਵੀ ਪਤਾ ਲੱਗਾ ਹੈ ਕਿ ਕਾਂਗਰਸ (ਆਈ) ਦਾ ਇਕ ਹਿਸਾ ਜੋ ਸਦਾ ਫਿਰਕੂ ਦ੍ਰਿਸ਼ਟੀ ਤੋਂ ਹੀ ਸੋਚਦਾ ਹੈ, ਉਹ ਕੋਸ਼ਿਸ਼ ਕਰ ਰਿਹਾ ਹੈ ਕਿ ਜੇ ਚੰਡੀਗੜ੍ਹ ਦੇ ਪੰਜਾਬ ਵਿਚ ਸ਼ਾਮਲ ਹੋਣ ਨੂੰ ਨਾ ਰੋਕਿਆ ਜਾਵੇ ਤਾਂ ਇਸ ਪਰੋਗਰਾਮ ਨੂੰ ਲੰਗੜਾ ਹੀ ਬਣਾ ਦਿਤਾ ਜਾਵੇ। ਇਸ ਸਕੀਮ ਤਹਿਤ ਉਹ ਪੀ. ਜੀ. ਆਈ., ਪੰਜਾਬ ਯੂਨੀਵਰਸਿਟੀ ਤੇ ਇੰਜੀਨੀਅਰਿੰਗ ਕਾਲਜ ਨੂੰ ਪੰਜਾਬ ਤੋਂ ਬਾਹਰ ਰੱਖਣ ਤੇ ਇਨ੍ਹਾਂ ਵਿਚ ਪਹਿਲਾਂ ਦੀ ਤਰ੍ਹਾਂ ਗੈਰ ਪੰਜਾਬੀਆਂ ਦੀ ਪ੍ਰਧਾਨਤਾ ਰੱਖਣਾ ਚਾਹੁੰਦੇ ਹਨ।

ਇਹ ਸਾਜ਼ਿਸ਼ੀ ਯੋਜਨਾ ਉਹ ਬੜੀ ਚੁਸਤੀ ਨਾਲ ਸਿਰੇ ਚਾੜ੍ਹਨੀ ਚਾਹੁੰਦੇ ਹਨ। ਇਸ ਲਈ ਪਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਭਾਰੀ ਖਰਚਿਆਂ ਵਾਲ਼ੇ ਅਦਾਰੇ ਕੇਂਦਰ ਤਹਿਤ ਰਹਿਣ ਤਾਂ ਕੀ ਹਰਜ ਹੈ, ਇਨ੍ਹਾਂ ਤੋਂ ਲਾਭ ਤਾਂ ਪੰਜਾਬੀਆਂ ਨੂੰ ਹੀ ਹੋਵੇਗਾ। ਇਹ ਤਜਵੀਜ਼ ਉਹ ਆਪ ਸਿੱਧੀ ਦੇਣ ਦੀ ਥਾਂ ਕਥਿਤ ਡਾਕਟਰਾਂ ਤੇ ਵਿਦਿਅਕ ਮਾਹਿਰਾਂ ਰਾਹੀਂ ਪੰਜਾਬ ਸਰਕਾਰ ਤਕ ਪਹੁੰਚਾ ਰਹੇ ਹਨ। ਇਸੇ ਦੌਰਾਨ ਕੁਝ ਮੰਤਰੀਆਂ ਨੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੂੰ ਲਿਖਿਆ ਹੈ ਕਿ ਇਹ ਤਿੰਨੇ ਅਦਾਰੇ ਪੰਜਾਬ ਦੇ ਪ੍ਰਬੰਧ ਵਿਚ ਲਏ ਜਾਣ। ਉਨ੍ਹਾਂ ਇਹ ਵੀ ਸੁਝਾਅ ਦਿਤਾ ਹੈ ਕਿ ਤਕਨੀਕੀ ਰਾਏ ਪੰਜਾਬ ਪੱਖੀ ਡਾਕਟਰਾਂ, ਇੰਜੀਨੀਅਰਾਂ ਤੇ ਸਿਖਿਆ ਮਾਹਿਰਾਂ ਤੋਂ ਹੀ ਲਈ ਜਾਵੇ।

# 'ਹਿੰਸਾ ਸਰਕਾਰੀ ਏਜੰਟ ਕਰਦੇ ਹਨ' — ਫੈਡਰੇਸ਼ਨ ਦਾ ਬੁਲਾਰਾ

ਵੈਨਕੂਵਰ — ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਬੁਲਾਰੇ ਨੇ ਰੇਡੀਓ ਉਤੇ ਮੁਲਾਕਾਤ ਦੌਰਾਨ ਕਿਹਾ ਕਿ ਹਿੰਸਾਤਮਕ ਕਾਰਵਾਈਆਂ ਸਿੱਖਾਂ ਨੂੰ ਬਦਨਾਮ ਕਰਵਾਉਣ ਲਈ ਭਾਰਤ ਸਰਕਾਰ ਕਰਵਾਉਂਦੀ ਹੈ ਅਤੇ ਹਿੰਸਾ ਕਰਨ ਵਾਲੇ 'ਸਰਕਾਰੀ ਏਜੰਟ' ਹਨ।

ਲਗਦੈ ਕਿਧਰੇ ਫੇਰ ਸ਼ਹਿਰ 'ਚੋਂ ਹੱਕ ਦਾ ਨਾਹਰਾ ਉਠਿਆ ਹੈ,
ਛੱਤਾਂ ਉਤੇ ਲੋਕ ਚੜ੍ਹੇ ਨੇ ਸਭ ਦੇ ਹੱਥ ਵਿੱਚ ਪੱਥਰ ਹੈ .
ਚੱਪੇ-ਚੱਪੇ ਖੜ੍ਹੇ ਹਾਦਸੇ, ਕਦਮ-ਕਦਮ 'ਤੇ ਮੌਤ ਖੜ੍ਹੀ,
ਮੋੜ-ਮੋੜ 'ਤੇ ਕਾਤਲ ਡਾਕੂ ਦੇ ਹੱਥਾਂ ਵਿੱਚ ਖੰਜਰ ਹੈ .
ਉਸ ਕਾਫਲੇ ਦਾ ਰੱਬ ਰਾਖਾ ਜੋ ਬਸ ਤੁਰਿਆ ਜਾਂਦਾ ਹੈ,
ਜਿਸ ਦੇ ਸਾਹਵੇਂ ਨਾ ਕੋਈ ਮੰਜ਼ਲ, ਨਾ ਕੋਈ ਜਿਸਦਾ ਰਹਿਬਰ ਹੈ

# ਅਟਵਾ ਵਿਚ ਏਅਰ-ਇੰਡੀਆ ਦੇ ਮ੍ਰਿਤਕਾਂ ਲਈ ਸ਼ੋਕ ਸਮਾਗਮ

ਅਟਵਾ — ਇਥੇ ਇਕ ਸ਼ੋਕ ਸਮਾਗਮ 23 ਜੂਨ 1985 ਨੂੰ ਹੋਏ ਏਅਰ-ਇੰਡੀਆ ਹਵਾਈ ਜਹਾਜ਼ ਦੇ ਹਾਦਸੇ ਦੇ ਮ੍ਰਿਤਕਾਂ ਲਈ ਕੀਤਾ ਗਿਆ ਜਿਸ ਵਿਚ 300 ਦੇ ਲਗਪਗ ਲੋਕ ਸ਼ਾਮਲ ਹੋਏ। ਇਹ ਹਾਦਸਾ ਬੰਬ ਰੱਖਣ ਕਾਰਨ ਹੋਇਆ ਦੱਸਿਆ ਜਾਂਦਾ ਹੈ ਜਿਸ ਵਿਚ 329 ਵਿਅਕਤੀ ਮਾਰੇ ਗਏ ਸਨ।

'ਕੈਨੇਡਾ ਦਰਪਣ' ਦਾ ਆਉਂਦਾ ਅੰਕ

**ਵਿਸ਼ੇਸ਼ ਕੈਨੇਡਾ ਅੰਕ**

ਹੋਵੇਗਾ ਜਿਸ ਵਿਚ ਕੈਨੇਡਾ ਬਾਰੇ ਵਿਸ਼ੇਸ਼ ਲੇਖ ਹੋਣਗੇ — ਵਪਾਰੀ ਵੀਰ ਆਪਣੇ ਇਸ਼ਤਿਹਾਰਾਂ ਬਾਰੇ ਅੱਜ ਹੀ ਸੰਪਰਕ ਕਰਨ। ਫੋਨ ਉਤੇ ਆਪਣੀਆਂ ਐਡਾਂ ਲਈ ਥਾਂ ਰੀਜ਼ਰਵ ਕਰਵਾ ਲਓ

581-4473

MOGUL GARDENS
RESTAURANT



From June 1, 1986
LUNCHEON BUFFET
WEEKLY
$5.95

We cater to large private parties

Take-Out Available

The most affordable in
**Tandori** (clay-oven) dishes

We serve classical East-Indian
Food with good service. . .
Luncheon Buffet weekdays
Brunch weekends
Dinner daily

801 Beach Ave. (1 blk. south of Pacific

684-5886



# ਕੇਂਦਰ ਨੇ ਸਮਝੌਤੇ ਦਾ ਖਰੜਾ ਪੰਜਾਬ ਸਰਕਾਰ ਨੂੰ ਭੇਜ ਦਿਤਾ

## ਚੰਡੀਗੜ੍ਹ ਦੇ ਮਸਲੇ ਉਤੇ ਅਕਾਲੀ ਸਰਕਾਰ ਦੁਚਿੱਤੀ ਵਿਚ

ਚੰਡੀਗੜ੍ਹ — ਪੰਜਾਬ ਦੀ ਅਕਾਲੀ ਸਰਕਾਰ ਇਸ ਸਮੇਂ ਪੂਰੀ ਤਰ੍ਹਾਂ ਦੁਚਿੱਤੀ ਵਿਚ ਫਸ ਗਈ ਹੈ। ਇਸੇ ਕਾਰਨ ਅਸੈਂਬਲੀ ਸੈਸ਼ਨ ਦੋ ਵਾਰ ਬੁਲਾ ਕੇ ਮੁਲਤਵੀ ਕਰਨਾ ਪਿਆ। ਪਹਿਲਾਂ ਅਸੈਂਬਲੀ ਸੈਸ਼ਨ ਸੋਮਵਾਰ ਬੁਲਾਇਆ ਗਿਆ, ਫਿਰ ਮੰਗਲਵਾਰ। ਪਰ ਅਕਾਲੀ ਵਿਧਾਇਕਾਂ ਵਿਚ ਕੇਂਦਰ ਵਲੋਂ ਭੇਜੇ ਗਏ ਖਰੜੇ ਉਪਰ ਵਿਚਾਰ ਉਪਰੰਤ ਕੋਈ ਫੈਸਲਾ ਨਾ ਹੋ ਸਕਿਆ।

ਕੇਂਦਰ ਸਰਕਾਰ ਨੇ 21 ਜੂਨ ਨੂੰ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਫੈਸਲਾ ਤਾਂ ਕਰ ਲਿਆ ਪਰ ਨਾਲ ਹੀ ਸ਼ਰਤ ਲਾ ਦਿੱਤੀ ਹੈ ਕਿ ਸੱਤ ਹਜ਼ਾਰ ਏਕੜ ਇਵਜ਼ਾਨੇ ਵਜੋਂ ਹਰਿਆਣੇ ਨੂੰ ਦੇਣਾ ਪਵੇਗਾ।

ਹਰਿਆਣਾ ਸਰਕਾਰ ਨੇ ਫੈਸਲਾ ਤੁਰੰਤ ਮੰਨ ਲਿਆ ਪਰ ਅਕਾਲੀ ਸਰਕਾਰ 35 ਪਿੰਡ ਦੇਣ ਤੱਕ ਤਿਆਰ ਹੈ ਪਰ ਇਸ ਤੋਂ ਵੱਧ ਨਹੀਂ।

ਹੁਣ ਅਸੈਂਬਲੀ ਸੈਸ਼ਨ ਅੱਜ ਬੁਲਾਇਆ ਗਿਆ ਹੈ। ਖਬਰਾਂ ਪੁਜਣ ਤੱਕ ਅਕਾਲੀ ਸਰਕਾਰ ਅਜੇ ਵੀ ਦੁਚਿਤੀ ਵਿਚ ਹੈ।

ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਗੱਲਬਾਤ ਅਜੇ ਵੀ ਜਾਰੀ ਹੈ ਤੇ ਕੇਂਦਰ ਦੇ ਸਰਕਾਰੀ ਅਫਸਰ ਤੇ ਸੂਬਿਆਂ ਦੇ ਮੁੱਖ ਸਕੱਤਰ ਇਹ ਉਲਝਣ ਦਾ ਹੱਲ ਲੱਭਣ ਵਿਚ ਲੱਗੇ ਹੋਏ ਹਨ।

ਇਹ ਵੀ ਦੱਸਿਆ ਗਿਆ ਹੈ ਕਿ ਕੇਂਦਰ ਸਰਕਾਰ ਆਰਡੀਨੈਂਸ ਜਾਰੀ ਕਰ ਸਕਦੀ ਹੈ ਜਿਸ ਨਾਲ ਦੋਵਾਂ ਸੂਬਿਆਂ ਨੂੰ ਕੇਂਦਰ ਸਰਕਾਰ ਦਾ ਫੈਸਲਾ ਮੰਨਣਾ ਹੀ ਪਵੇਗਾ।

### ਸਰਹੰਦ ਨਹਿਰ ਟੁੱਟੀ — ਇਕ ਪਿੰਡ ਰੁੜ੍ਹ ਗਿਆ

ਚੰਡੀਗੜ੍ਹ — ਪਤਾ ਲੱਗਾ ਹੈ ਕਿ ਸਰਹੰਦ ਨਹਿਰ ਵਿਚ ਪਾੜ ਪੈਣ ਨਾਲ ਪੰਜਾਬ ਦੇ ਇਕ ਪਿੰਡ ਦਾ ਭਾਰੀ ਨੁਕਸਾਨ ਹੋਇਆ ਹੈ। ਪਿੰਡ ਦੇ ਨਾਂ ਦਾ ਪਤਾ ਨਹੀਂ ਲੱਗ ਸਕਿਆ।

ਘੁਟ ਚਾਨਣੀ ਦਾ ਇਕ ਪੀਤਾ, ਇਕ ਪਲ ਛਾਵੇਂ ਬੈਠੇ ਸਾਂ,
ਪੀੜ ਵਿਹਾਜੀ ਉਮਰਾਂ ਭਰ ਦੀ ਪੱਛਿਆ-ਪੱਛਿਆ ਅੰਦਰ ਹੈ.

ਪੰਨਾ 4 ਦੀ ਬਾਕੀ

ਬਚਾਉਣ ਲਈ 24 ਘੰਟੇ ਬਾਅਦ ਪੁਰਾਣੇ ਮਜ਼ਦੂਰਾਂ ਨੂੰ ਕੰਮ ਤੋਂ ਹਟਾ ਸਕਦੇ ਹਨ। ਪਰ ਇਹੋ ਜਿਹਾ ਕੋਈ ਵੀ ਹੱਕ ਮਜ਼ਦੂਰਾਂ ਨੂੰ ਕਿਉਂ ਨਹੀਂ ਜਿਸਨੂੰ ਉਹ ਆਪਣਾ ਨੌਕਰੀਆਂ ਬਚਾਉਣ ਲਈ ਵਰਤ ਸਕਣ।

(2) ਏਨੀ ਵੱਡੀ ਗਿਣਤੀ ਵਿਚ ਹੜਤਾਲ ਉਤੇ ਪੋਲੀਸ ਤੈਨਾਤ ਕਰਨ ਦਾ ਖਰਚ 35 ਤੋਂ 60 ਹਜ਼ਾਰ ਡਾਲਰ ਇਕ ਦਿਨ ਦਾ ਹੈ। ਇਹ ਪੈਸਾ ਆਮ ਮਜ਼ਦੂਰ ਜਮਾਤ ਦੀ ਟੈਕਸ ਦਾ ਪੈਸਾ ਹੈ। ਕਿਉਂਕਿ ਕੈਨੇਡਾ ਵਿਚ ਇਹ ਗੱਲ ਤਾਂ ਆਮ ਪ੍ਰਚਲਿਤ ਹੈ ਕਿ ਇਹ ਵੱਡੀਆਂ ਵੱਡੀਆਂ ਕੰਪਨੀਆਂ ਤੇ ਉਹਨਾਂ ਦੇ ਮਾਲਕ ਟੈਕਸ ਬਹੁਤ ਘੱਟ ਦਿੰਦੇ ਹਨ। ਏਥੇ ਇਹ ਸਵਾਲ ਉਠਦਾ ਹੈ ਕਿ ਇਸ 'ਬਰਾਬਰਤਾ ਭਰੇ' ਕਾਨੂੰਨ ਵਿਚ 35 ਤੋਂ 60 ਹਜ਼ਾਰ ਡਾਲਰ ਇਕ ਦਿਨ ਦਾ ਸਿਰਫ ਇਕ ਵਿਅਕਤੀ ਪੀਟਰ ਪੋਕਲਿੰਗਟਨ ਦੇ ਮੁਨਾਫੇ ਨੂੰ ਬਚਾਉਣ ਲਈ ਕਿਉਂ ਖਰਚ ਕੀਤਾ ਗਿਆ ਹੈ।

ਇਸ ਹੜਤਾਲ ਬਾਰੇ ਖੁਸ਼ੀ ਦੀ ਗੱਲ ਇਹ ਹੈ ਕਿ ਐਡਮਿੰਟਨ ਸ਼ਹਿਰ ਦੇ ਨਿਵਾਸੀਆਂ ਵੱਲੋਂ ਇਨਾਂ ਹੜਤਾਲੀਆਂ ਦਾ ਪੂਰਾ ਪੂਰਾ ਸਾਥ ਦਿੱਤਾ ਜਾ ਰਿਹਾ ਹੈ ਅੱਠ ਜੂਨ ਨੂੰ 3500 ਦੇ ਲਗਭਗ ਲੋਕਾਂ ਨੇ ਹੜਤਾਲੀਆਂ ਦੀ ਮਦਦ ਵਿਚ ਪਲਾਂਟ ਦੇ ਗੇਟ ਤੱਕ ਮਾਰਚ ਕੀਤਾ। 12 ਜੂਨ ਨੂੰ ਅਲਬਰਟਾ ਅਸੈਂਬਲੀ ਦੇ ਸੈਸ਼ਨ ਦੇ ਸ਼ੁਰੂ ਹੋਣ ਸਮੇਂ 10000 ਲੋਕਾਂ ਨੇ ਅਸੈਂਬਲੀ ਮੂਹਰੇ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਨੂੰ ਵੱਖ ਵੱਖ ਲੈਵਲ ਦੇ ਟਰੇਡ ਯੂਨੀਅਨ ਲੀਡਰਾਂ ਨੇ ਸੰਬੋਧਨ ਕੀਤਾ। ਦੂਸਰੀ ਖੁਸ਼ੀ ਦੀ ਗੱਲ ਇਹ ਹੈ ਕਿ ਟਰੇਡ ਯੂਨੀਅਨ ਲੀਡਰਾਂ ਨੂੰ ਇਹ ਮਹਿਸੂਸ ਹੋਇਆ ਹੈ ਕਿ ਇਕ ਸਮਾਂ ਆਉਂਦਾ ਹੈ ਜਦੋਂ ਮਜ਼ਦੂਰ, ਸਰਮਾਏਦਾਰੀ ਪ੍ਰਬੰਧ ਦੇ ਕਾਨੂੰਨਾਂ ਦੇ ਅੰਦਰ ਰਹਿ ਆਪਣੇ ਹੱਕਾਂ ਲਈ ਨਹੀਂ ਲੜ ਸਕਦੇ।

ਇਕ ਦੋ ਗੱਲਾਂ ਜਿਨਾਂ ਬਾਰੇ ਸਾਰੇ ਸਾਧਾਰਣ ਲੋਕਾਂ, ਪੰਜਾਬੀਆਂ ਸਮੇਤ (ਕਿਉਂਕਿ ਬਾਕੀ ਲੋਕਾਂ ਵਾਂਗ ਪੰਜਾਬੀਆਂ ਦੀ ਵੀ ਬਹੁਗਿਣਤੀ ਮਜ਼ਦੂਰ ਜਮਾਤ ਨਾਲ ਸਬੰਧ ਰੱਖਦੀ ਹੈ) ਨੂੰ ਵਿਚਾਰ ਕਰਨਾ ਚਾਹੀਦਾ ਹੈ। ਇਸ ਹੜਤਾਲ ਨੂੰ ਇਕ ਇਕੱਲੀ ਘਟਨਾ ਦੇ ਰੂਪ ਵਿਚ ਨਹੀਂ ਵੇਖਣਾ ਚਾਹੀਦਾ। ਇਹ ਘਟਨਾ ਉਸ ਵੱਡੀ ਲਹਿਰ ਦੀ ਇਕ ਕੜੀ ਹੈ ਜਿਹੜੀ ਮਾਲਕਾਂ ਵੱਲੋਂ ਸਾਰੇ ਕਨੇਡਾ ਭਰ ਵਿਚ ਮਜ਼ਦੂਰਾਂ ਦੀਆਂ ਯੂਨੀਅਨਾਂ ਤੋੜਨ, ਤਨਖਾਹਾਂ ਘਟਾਉਣ, ਉਨ੍ਹਾਂ ਦਾ ਰਹਿਣ ਸਹਿਣ ਦਾ ਦਰਜਾ ਨੀਵਾਂ ਕਰ, ਮਾਲਕਾਂ ਦਾ ਮੁਨਾਫਾ ਵਧਾਉਣ ਲਈ ਚਲਾਈ ਜਾ ਰਹੀ ਹੈ। ਜਦੋਂ ਵੀ ਕਦੇ ਸਰਮਾਏਦਾਰੀ ਤੇ ਆਰਥਿਕ ਸੰਕਟ ਆਉਂਦਾ ਹੈ ਤਾਂ ਉਹ ਇਹੋ ਜਿਹੀਆਂ ਮਜ਼ਦੂਰ ਵਿਰੋਧੀ ਲਹਿਰਾਂ ਚਲਾਉਂਦੀ ਹੈ। ਨਾ ਹੀ ਇਸ ਹੜਤਾਲ ਨੂੰ ਮਾਲਕਾਂ ਅਤੇ ਯੂਨੀਅਨਾਂ ਵਿਚਕਾਰ ਲੜਾਈ ਸਮਝਣਾ ਚਾਹੀਦਾ ਹੈ। (ਸਰਮਾਏਦਾਰੀ ਦੀ ਕੋਸ਼ਿਸ਼ ਹੈ ਕਿ ਇਸਨੂੰ ਆਮ ਲੋਕ ਇਸ ਤਰ੍ਹਾਂ ਹੀ ਸਮਝਣ) ਕਿਉਂਕਿ ਜਦੋਂ ਕਦੇ ਵੀ ਯੂਨੀਅਨਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਨੂੰ ਨਵੇਂ ਹੱਕ ਪ੍ਰਾਪਤ ਹੋਏ ਹਨ, ਤਨਖਾਹਾਂ ਵਧੀਆਂ ਹਨ ਤਾਂ ਉਦੋਂ ਨਾਨ ਯੂਨੀਅਨ ਮਜ਼ਦੂਰਾਂ ਦੀਆਂ ਤਨਖਾਹਾਂ ਵੀ ਵਧੀਆਂ ਹਨ। ਦੂਜੇ ਬੰਨੇ ਜਦੋਂ ਯੂਨੀਅਨਾਂ ਵਿਚ ਕੰਮ ਕਰ ਰਹੇ ਮਜ਼ਦੂਰਾਂ ਦੀਆਂ ਤਨਖਾਹਾਂ ਘਟੀਆਂ ਹਨ ਜਾਂ ਉਹਨਾਂ ਦਾ ਕੋਈ ਹੋਰ ਹੱਕ ਖੁਸਿਆ ਹੈ ਤਾਂ ਇਸਦਾ ਸਿਧਾ ਅਸਰ ਨਾਨ-ਯੂਨੀਅਨ ਕਾਮਿਆਂ ਉਪਰ ਵੀ ਪਿਆ ਹੈ। ਇਸ ਲਈ ਇਹ ਹੜਤਾਲ ਉਸ ਲੜਾਈ ਦਾ ਹਿੱਸਾ ਹੈ ਜਿਹੜੀ ਮਾਲਕਾਂ ਅਤੇ ਮਜ਼ਦੂਰਾਂ ਵਿਚ ਚਲ ਰਹੀ ਹੈ, ਮਜ਼ਦੂਰ ਭਾਵੇਂ ਯੂਨੀਅਨ ਵਿਚ ਹੋਵੇ ਭਾਵੇਂ ਯੂਨੀਅਨ ਤੋਂ ਬਾਹਰ। ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਤਾਂ ਹੀ ਅਸੀਂ ਸਹੀ ਪਾਸੇ ਵੱਲ ਖੜ ਸਕਾਂਗੇ।

### ਕਪੂਰਥਲੇ ਵਿਚ ਚਾਰ ਦਹਿਸ਼ਤਪਸੰਦ ਫੜੇ

ਚੰਡੀਗੜ੍ਹ — ਇਕ ਖਬਰ ਅਨੁਸਾਰ ਕਪੂਰਥਲੇ ਜ਼ਿਲੇ ਵਿਚ ਵੱਖ ਵੱਖ ਥਾਵਾਂ ਤੋਂ ਚਾਰ ਦਹਿਸ਼ਤਪਸੰਦ ਫੜੇ ਗਏ ਹਨ।

ਪਟਿਆਲੇ ਵਿਚ ਵੀ ਇਕ ਗ੍ਰਿਫਤਾਰੀ ਕੀਤੀ ਗਈ ਹੈ।

ਚੰਡੀਗੜ੍ਹ ਵਿਚ ਦੋ ਹਥਿਆਰਬੰਦ ਵਿਅਕਤੀ ਮਾਰੇ ਗਏ।

ਮੰਗਲਵਾਰ ਮੌਤਾਂ ਦੀ ਗਿਣਤੀ ਪੰਜ ਦੱਸੀ ਗਈ ਜਿਸ ਵਿਚ ਦੋ ਦਹਿਸ਼ਤਪਸੰਦ ਵੀ ਸ਼ਾਮਲ ਹਨ।

### ਤ੍ਰਿਪਾਠੀ ਨੂੰ ਰਾਜ ਸਭਾ ਦੀ ਸੀਟ ਤੋਂ ਇਨਕਾਰ

ਨਵੀਂ ਦਿੱਲੀ — ਕਾਂਗਰਸ (ਆਈ) ਦੇ ਕਾਰਜਕਾਰੀ ਪ੍ਰਧਾਨ ਨੂੰ ਰਾਜ ਸਭਾ ਦੀ ਸੀਟ ਦੇਣ ਤੋਂ ਰਾਜੀਵ ਗਾਂਧੀ ਵਲੋਂ ਇਨਕਾਰ ਕਰ ਦਿਤਾ ਗਿਆ ਹੈ। ਯਾਦ ਰਹੇ ਕਿ ਉਸਨੇ ਰਾਜੀਵ ਗਾਂਧੀ ਵਿਰੁੱਧ ਪ੍ਰਣਾਬ ਮੁਕਰਜੀ ਧੜੇ ਦਾ ਸਾਥ ਦਿਤਾ ਸੀ ਪਰ ਬਾਅਦ ਵਿਚ ਸਮਝੌਤਾ ਕਰ ਲਿਆ ਸੀ।

### ਪੱਛਮੀ ਬੰਗਾਲ ਵਿਚ ਖੱਬੇ ਪੱਖੀ ਮੋਰਚਾ ਮਿਉਂਸਪਲ ਚੋਣਾਂ ਜਿਤਿਆ

ਕਲਕੱਤਾ — ਏਥੇ ਪੁਜੀਆਂ ਖਬਰਾਂ ਅਨੁਸਾਰ ਪੱਛਮੀ ਬੰਗਾਲ ਵਿਚ ਮਿਉਂਸਪਲ ਚੋਣਾਂ ਵਿਚ ਐਲਾਨੇ ਗਏ ਨਤੀਜਿਆਂ ਵਿਚੋਂ ਖੱਬੇ ਪੱਖੀ ਮੋਰਚੇ ਦਾ 80 ਮਿਉਂਸਪੇਲਿਟੀਆਂ ਉਪਰ ਕਬਜ਼ਾ ਹੋ ਗਿਆ ਜਦ ਕਿ ਕਾਂਗਰਸ (ਆਈ) ਨੂੰ ਗਿਆਰਾਂ ਮਿਉਂਸਪੇਲਿਟੀਆਂ ਵਿਚ ਬਹੁਮਤ ਮਿਲਿਆ। ਇਨ੍ਹਾਂ ਵਿਚ ਵੀ ਪ੍ਰਣਾਬ ਮੁਕਰਜੀ ਦਾ ਧੜਾ ਕਾਮਯਾਬ ਰਿਹਾ।

### ਪੰਜਾਬ ਵਿਚ ਵਾਰਦਾਤਾਂ ਜਾਰੀ

ਚੰਡੀਗੜ੍ਹ — ਪੰਜਾਬ ਵਿਚ ਹਰ ਰੋਜ਼ ਕਤਲ, ਖੋਹਾਂ ਤੇ ਡਾਕਿਆਂ ਦੀਆਂ ਵਾਰਦਾਤਾਂ ਲਗਾਤਾਰ ਜਾਰੀ ਹਨ।

#### ਮਲੇਰਕੋਟਲਾ ਵਿਚ ਕਤਲ

ਮਲੇਰਕੋਟਲਾ ਵਿਚ ਇਕ ਸਕੂਟਰ ਤੇ ਜਾ ਰਹੇ ਵਿਅਕਤੀ ਨੂੰ ਗੋਲੀ ਮਾਰ ਦਿਤੀ ਗਈ। ਸਕੂਟਰ ਵਾਲਾ ਥਾਂ ਉਤੇ ਹੀ ਮਾਰਿਆ ਗਿਆ। ਦਹਿਸ਼ਤਪਸੰਦ ਉਸ ਦਾ ਸਕੂਟਰ ਲੈ ਕੇ ਫਰਾਰ ਹੋ ਗਏ।

#### ਬਟਾਲੇ ਵਿਚ ਕਰਫੀਊ ਜਾਰੀ

ਇਥੇ ਜਰਨੈਲ ਸਿੰਘ ਨਾਂ ਦੇ ਇਕ ਕਾਂਗਰਸੀ ਆਗੂ ਨੂੰ ਗੋਲੀ ਮਾਰ ਦਿਤੇ ਜਾਣ ਦੀ ਖਬਰ ਹੈ। ਸ਼ਹਿਰ ਵਿਚ ਕਰਫੀਊ ਵਿਚ ਕੁਝ ਘੰਟੇ ਢਿੱਲ ਦਿਤੀ ਜਾਂਦੀ ਹੈ।

ਪੰਜਾਬ ਵਿਚ ਵੱਖ ਵੱਖ ਘਟਨਾਵਾਂ ਵਿਚ ਕੱਲ ਪੰਜ ਵਿਅਕਤੀ ਮਾਰੇ ਗਏ ਜਿਨ੍ਹਾਂ ਵਿਚ ਇਕ ਦਹਿਸ਼ਤਪਸੰਦ ਵੀ ਗੋਲੀ ਦਾ ਸ਼ਿਕਾਰ ਹੋ ਗਿਆ।

### ਜੈਵਰਧਨੇ ਰੂਸ ਜਾਣਗੇ

ਕੋਲੰਬੋ — ਸ੍ਰੀਲੰਕਾ ਦੇ ਰਾਸ਼ਟਰਪਤੀ ਜੇ. ਆਰ. ਜੈਵਰਧਨੇ ਰੂਸ ਦੀ ਬਾਰਾਂ ਦਿਨ ਦੀ ਯਾਤਰਾ 29 ਜੂਨ ਨੂੰ ਸ਼ੁਰੂ ਕਰਨਗੇ। ਇਸ ਯਾਤਰਾ ਨੂੰ ਕਾਫੀ ਮਹੱਤਤਾ ਦਿੱਤੀ ਜਾ ਰਹੀ ਹੈ। ਸ੍ਰੀਲੰਕਾ ਵਿਚ ਦਹਿਸ਼ਤਪਸੰਦੀ ਨੂੰ ਕੁਚਲਣ ਲਈ ਪੱਛਮੀ ਦੇਸ਼ਾਂ ਵਲੋਂ ਹੁੰਗਾਰਾ ਨਾ ਮਿਲਣ ਉਤੇ ਸ੍ਰੀ ਜੈਵਰਧਨੇ ਇਨ੍ਹਾਂ ਦੇਸ਼ਾਂ ਪ੍ਰਤੀ ਨਿਰਾਸ਼ਤਾ ਦਾ ਪ੍ਰਗਟਾਵਾ ਕਰ ਚੁੱਕੇ ਹਨ।

### ਇਲਾਹਾਬਾਦ ਵਿਚ ਦੰਗੇ ਭੜਕੇ

ਇਲਾਹਾਬਾਦ — ਇਲਾਹਾਬਾਦ ਵਿਚ ਹਿਦੂ-ਮੁਸਲਮ ਫਸਾਦਾਂ ਵਿਚ ਤਿੰਨ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋਏ। ਹਾਲਾਤ ਗੰਭੀਰ ਦੱਸੇ ਜਾਂਦੇ ਹਨ ਪਰ ਸੂਤਰਾਂ ਅਨੁਸਾਰ ਸਥਿਤੀ ਕੰਟਰੋਲ ਅਧੀਨ ਹੈ।



Gurcharan Rampuri

Great Pacific Management Co. Ltd.

Suite 300-1190 Hornby Street
Vancouver, B.C. V6Z 2K5

Bus: 669-1143
Res: 986-2883

ਗੁਰਚਰਨ ਰਾਮਪੁਰੀ

ਗਰੇਟ ਪੈਸੀਫਿਕ ਮੈਨੇਜਮੈਂਟ ਕੰ: ਲਿਮਿ:

ਸੁਈਟ 300-1190 ਹੌਰਨਬੀ ਸਟਰੀਟ,
ਵੈਨਕੂਵਰ ਬੀ. ਸੀ. V6Z 2K5

Bus: 669-1143
Res: 986-2883

If you had invested $2,000 in **TEMPLETON GROWTH FUND** every year since 1956...that's 30 years...

YOU WOULD BE ABLE TO RETIRE NOW WITH OVER **$1.7 MILLION**

**It's a Fact!** An investment in Templeton Growth Fund, Ltd. of $2,000 per year since 1956 . . . assuming reinvestment of all dividends and capital gains distributions . . . increased in value to $1,717,814 by December 31, 1985.

These 30 years included periods of both rising and declining stock markets . . . the value of the Fund's shares fluctuate daily. Although there is no guarantee that future results will be as good, you should find out how the Templeton approach has produced this investment record. These figures are based on information contained in the Fund's prospectus. No deduction has been made for income taxes payable by investors.



**Free Brochure** Send coupon for a free brochure

Templeton ...the name says it all.

Name ______

Address ______

City ______ Prov. ______ Postal ______

Sold by prospectus only.

# ਬਾਗੀ ਅਕਾਲੀਆਂ ਦਾ ਕਿਰਦਾਰ ਦੇਸ਼ ਅਤੇ ਪੰਥ ਵਿਰੋਧੀ — ਬਰਨਾਲਾ

ਬਠਿੰਡਾ — ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਦੋਸ਼ ਲਾਇਆ ਹੈ ਕਿ ਬਾਗੀ ਅਕਾਲੀਆਂ ਦਾ ਇਕੋ ਇਕ ਮਕਸਦ ਉਨ੍ਹਾਂ ਨੂੰ ਗੱਦੀਓਂ ਲਾਹੁਣਾ ਹੈ ਅਤੇ ਇਸ ਮਕਸਦ ਲਈ ਉਹ ਪੰਥ ਵਿਚ ਫੁੱਟ ਪਾਉਣ ਦੇ ਨਾਲ ਨਾਲ 'ਕੌਮ ਵਿਰੋਧੀ ਅਤੇ ਪੰਥ ਦੋਖੀ ਤਾਕਤਾਂ' ਨਾਲ ਬਗਲਗੀਰ ਹੋਣ ਨੂੰ ਵੀ ਮਾੜਾ ਨਹੀਂ ਸਮਝ ਰਹੇ। ਇਥੋਂ ਕਰੀਬ ਤੀਹ ਕਿਲੋਮੀਟਰ ਦੂਰ ਮੌੜ ਮੰਡੀ ਵਿਚ ਪਾਰਟੀ ਦੇ ਜਨ ਸੰਪਰਕ ਪ੍ਰੋਗਰਾਮ ਅਧੀਨ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਬਾਗੀ ਅਕਾਲੀ ਹੁਣ ਉਨ੍ਹਾਂ ਹੀ ਅਨਸਰਾਂ ਦੀ ਪਿੱਠ ਠੋਕ ਰਹੇ ਹਨ ਜਿਨ੍ਹਾਂ ਨੂੰ ਉਹ ਕਦੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨ ਲਈ ਪੰਥ ਦੁਸ਼ਮਣਾਂ ਨਾਲ ਭਾਈਵਾਲੀ ਪਾ ਕੇ ਚਲਣ ਦੇ ਦੋਸ਼ੀ ਗਰਦਾਨਦੇ ਸਨ। ਸ੍ਰੀ ਬਰਨਾਲਾ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਫਰਵਰੀ ਮਹੀਨੇ ਆਨੰਦਪੁਰ ਸਾਹਿਬ 'ਚ ਹੋਏ ਸਰਬੱਤ ਖਾਲਸਾ ਸੰਮੇਲਨ ਦੌਰਾਨ ਲਈ ਇਹ ਪਵਿੱਤਰ ਸਹੁੰ ਤੋੜ ਦਿਤੀ ਹੈ ਕਿ ਉਹ ਦੇਸ਼ ਵਿਰੋਧੀ ਅਤੇ ਪੰਥ ਵਿਰੋਧੀ ਹੁਲੜਬਾਜ਼ਾਂ ਵਿਰੁੱਧ ਨਿਰੰਤਰ ਲੜਾਈ ਲੜਨਗੇ। ਉਨ੍ਹਾਂ ਇਹ ਵੀ ਪ੍ਰਣ ਲਿਆ ਸੀ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਨੂੰ ਚਿਤਾਵਨੀ ਦੇਣ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਹੋਵੇਗੀ। ਪਰ ਹੁਣ ਉਹ ਪਵਿੱਤਰ ਸਹੁੰ ਨੂੰ ਭੁੱਲ ਕੇ, ਸਿੱਖਾਂ ਦੇ ਸੁਪਰੀਮ ਤਾਕਤ —ਸਥਲ - ਅਕਾਲ ਤਖਤ ਦੇ ਜਥੇਦਾਰ ਦੇ ਅਹੁਦੇ ਉਤੇ ਗੈਰਕਾਨੂੰਨ, ਗੈਰਸੰਵਿਧਾਨਿਕ ਅਤੇ ਨਾਵਾਜਬ 'ਨਿਯੁਕਤੀ' ਦੀ ਹਮਾਇਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਗੁਰਬਚਨ ਸਿੰਘ ਮਾਨੋਚਾਹਲ ਦੀ ਅਕਾਲ ਤਖਤ ਦੇ 'ਜਥੇਦਾਰ' ਵਜੋਂ ਥਾਪਣਾ ਦੀ ਉਹ ਹਮਾਇਤ ਕਰਦੇ ਹਨ, ਉਹ ਇਕ ਇਸ਼ਤਿਹਾਰੀ ਮੁਜਰਮ ਹੈ।

ਉਨ੍ਹਾਂ ਕਿਹਾ ਕਿ ਪੰਜ ਸਿੰਘ ਸਾਹਿਬਾਂ ਨੂੰ ਚਾਹੀਦਾ ਹੈ ਕਿ ਉਹ ਜਥੇਦਾਰ ਟੋਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ ਅੱਗੇ ਸੱਦ ਕੇ ਉਨ੍ਹਾਂ ਨੂੰ ਸਜ਼ਾ ਦੇਣ। 21 ਜੂਨ ਨੂੰ ਪੰਜਾਬ ਨੂੰ ਚੰਡੀਗੜ੍ਹ ਦੇਣ ਬਾਰੇ ਫੈਸਲੇ ਦਾ ਜ਼ਿਕਰ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ 1966 ਵਿਚ ਪੰਜਾਬੀ ਸੂਬੇ ਦੀ ਸਥਾਪਨਾ ਤੋਂ ਬਾਦ ਪਹਿਲੀ ਵਾਰੀ ਹੈ ਕਿ ਅਕਾਲੀ ਦਲ ਦਾ ਕੋਈ ਮੋਰਚਾ ਮੁਕੰਮਲ ਤੌਰ 'ਤੇ ਸਫਲ ਹੋਇਆ ਹੈ। ਵਿੱਤ ਮੰਤਰੀ ਬਲਵੰਤ ਸਿੰਘ ਨੇ ਇਸ ਮੌਕੇ ਤਕਰੀਰ ਕਰਦੇ ਹੋਏ ਕਿਹਾ ਕਿ ਸਰਕਾਰ ਦੀ ਜਿੱਤ ਇਸ ਗੱਲ ਵਿਚ ਹੈ ਕਿ ਅਬੋਹਰ ਫਾਜ਼ਿਲਕਾ ਦਿੱਤੇ ਬਿਨਾਂ ਚੰਡੀਗੜ੍ਹ ਹਾਸਲ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪਾਣੀਆਂ ਦੀ ਵੰਡ ਵਿਚ ਵੀ ਪੰਜਾਬ ਨੂੰ ਬਹੁਤ ਖੱਟੀ ਹੋਣ ਦੀ ਆਸ ਹੈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਬਾਗੀ ਗਰੁੱਪ ਵੱਲੋਂ ਦਿੱਤੇ ਗਏ ਚੈਲਿੰਜ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਅਕਾਲੀ ਦਲ ਇਹ ਚੈਲਿੰਜ ਪ੍ਰਵਾਨ ਕਰਨ ਨੂੰ ਤਿਆਰ ਹੈ। ਇਸ ਇਕੱਠ ਵਿਚ ਬਰਨਾਲਾ ਵਜ਼ਾਰਤ ਦੇ ਬਹੁਤ ਸਾਰੇ ਮੰਤਰੀ ਵੀ ਹਾਜ਼ਰ ਸਨ।

# ਪਾਲਕਾਂ ਚੋਣਾਂ ਅਜੇ ਨਹੀਂ — ਸਾਈਆਂਵਾਲਾ

ਜਲੰਧਰ — ਪੰਜਾਬ ਦੇ ਲੋਕਲ ਬਾਡੀਜ਼ ਮੰਤਰੀ ਸ. ਮਹਿੰਦਰ ਸਿੰਘ ਸਾਈਆਂਵਾਲਾ ਨੇ ਕਿਹਾ ਹੈ ਕਿ ਅਜੇ ਰਾਜ ਵਿਚ ਨਗਰਪਾਲਕਾਵਾਂ ਦੀਆਂ ਚੋਣਾਂ ਕਰਾਉਣ ਦਾ ਕੋਈ ਵਿਚਾਰ ਨਹੀਂ ਹੈ। ਰਾਜ ਦੀ ਗੜਬੜਜ਼ਦਾ ਸਥਿਤੀ ਵਿਚ ਇਹ ਚੋਣਾਂ ਕਰਾਉਣੀਆਂ ਠੀਕ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਲੋਕਲ ਬਾਡੀਜ਼ ਦੇ ਸਾਰੇ "ਅਯੋਗ ਤੇ ਭ੍ਰਿਸ਼ਟ" ਅਧਿਕਾਰੀਆਂ ਦਾ ਇਸ ਮਹੀਨੇ ਦੇ ਅੰਤ ਤਕ ਤਬਾਦਲਾ ਕਰ ਦਿਤਾ ਜਾਵੇਗਾ।

# ਮਿਰਜ਼ਾ ਗਾਲਿਬ ਬਾਰੇ ਰੂਸੀ ਭਾਸ਼ਾ ਵਿਚ ਨਵੀਂ ਪੁਸਤਕ

ਨਵੀਂ ਦਿੱਲੀ — ਉਰਦੂ ਅਤੇ ਪਰਸ਼ੀਅਨ ਦੇ ਮਹਾਨ ਸ਼ਾਇਰ ਮਿਰਜਾ ਗਾਲਿਬ ਬਾਰੇ ਇਕ ਨਵੀਂ ਖੋਜ ਕਿਰਤ, "ਮਿਰਜਾ ਗਾਲਿਬ, ਉਹਦਾ ਜੀਵਨ ਅਤੇ ਕਵਿਤਾ" ਇਸ ਵਰ੍ਹੇ ਦੌਰਾਨ ਜਲਦੀ ਹੀ ਰੂਸੀ ਭਾਸ਼ਾ ਵਿਚ ਪ੍ਰਕਾਸ਼ਤ ਕੀਤੀ ਜਾ ਰਹੀ ਹੈ। ਇਸ ਗੱਲ ਦਾ ਪ੍ਰਗਟਾਵਾ ਕੁਝ ਸਮਾਂ ਪਹਿਲਾਂ ਇਸ ਪੁਸਤਕ ਦੀ ਲੇਖਿਆ ਅਤੇ ਪ੍ਰਸਿੱਧ ਸੋਵੀਅਤ-ਹਿੰਦ ਵਿਗਿਆਨੀ ਸ੍ਰੀਮਤੀ ਨਤਾਲੀਆ, ਪਰਿਗਾਰੀਨਾ ਵਲੋਂ ਇਕ ਇੰਟਰਵੀਊ ਦੌਰਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼ਾਇਦ ਇਹ ਪਹਿਲੀ ਪੁਸਤਕ ਹੈ ਜੋ ਇਕ ਕਵੀ, ਚਿੰਤਕ ਅਤੇ ਮਨੁੱਖੀ ਮਨ ਪ੍ਰਚਾਵੇ ਦੇ ਉਘੇ ਪ੍ਰਤੀਨਿਧ ਵਜੋਂ ਗਾਲਿਬ ਦੇ ਰੰਗੀਨ ਜੀਵਨ ਨੂੰ ਨਵੇਂ ਅਰਥਾਂ ਵਿਚ ਪੇਸ਼ ਕਰੇਗੀ।

ਸ੍ਰੀਮਤੀ ਪਰਿਗਾਰੀਨਾ ਨੇ ਗਾਲਿਬ ਉਤੇ ਖੋਜ ਕੀਤੀ ਹੈ ਅਤੇ ਆਪਣੇ ਥੀਸਜ "ਗਾਲਿਬ ਅਤੇ ਉਨ੍ਹਾਂ ਦਾ ਸਮਾਂ" ਉਪਰ ਡਾਕਟਰੇਟ ਦੀ ਡਿਗਰੀ ਹਾਸਲ ਕੀਤੀ ਹੋਈ ਹੈ। ਇਸ ਤੋਂ ਪਹਿਲਾਂ 1972 ਵਿਚ ਉਨ੍ਹਾਂ ਨੇ ਰੂਸੀ ਭਾਸ਼ਾ ਵਿਚ ਡਾ. ਇਕਬਾਲ ਦੀ ਕਵਿਤਾ ਅਤੇ 1978 ਵਿਚ ਇਕਬਾਲ ਦੀ ਕਾਵਿ ਰਚਨਾ ਨਾਂ ਦੀਆਂ ਪੁਸਤਕਾਂ ਲਿਖੀਆਂ। ਭਾਰਤ ਦੇ ਪੁਰਾਣੇ ਕਲਾਸਕੀ ਸਾਹਿਤ ਵਿਚ ਰੂਸੀਆਂ ਵਲੋਂ ਭਾਰੀ ਦਿਲਚਸਪੀ ਲਈ ਜਾ ਰਹੀ ਹੈ ਅਤੇ ਇਸ ਸਬੰਧ ਵਿਚ ਹੁਣ ਤੱਕ ਬਹੁਤ ਸਾਰਾ ਕੰਮ ਹੋ ਵੀ ਚੁੱਕਾ ਹੈ।

ਨਵੇਂ ਸਾਲ ਦਾ ਟੰਗਿਆ ਮੇਰੇ ਕਮਰੇ ਵਿਚ ਕਲੰਡਰ ਹੈ .
ਦਿਨਾਂ, ਮਹੀਨਿਆਂ 'ਤੇ ਤਰੀਖਾਂ ਦਾ ਲੰਮਾ ਇਕ ਲਸ਼ਕਰ ਹੈ .
ਇਕ ਮਾਸੂਮ ਜਿਹਾ ਚਿਹਰਾ ਜੋ ਘਿਰਿਆ ਲਸ਼ਕਰ ਅੰਦਰ ਹੈ,
ਉਸ ਦੇ ਬੁਲ੍ਹੀ ਥਲ ਮਚਦਾ ਹੈ, ਅੱਖੀਆਂ ਵਿਚ ਸਮੁੰਦਰ ਹੈ .

# ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਦਸਤਖਤੀ ਮੁਹਿੰਮ ਸ਼ੁਰੂ

ਵੈਨਕੂਵਰ — ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵੱਲੋਂ ਇਕ ਦਸਤਖਤੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਮੰਗ ਕੀਤੀ ਜਾ ਰਹੀ ਹੈ ਕਿ ਕੈਨੇਡਾ ਸਰਕਾਰ ਵੱਲੋਂ ਬੇਰੁਜ਼ਗਾਰੀ ਦਾ ਭੱਤਾ ਲੈਣ ਲਈ 16 ਹਫਤਿਆਂ ਦੀ ਬੰਦੋਗਿਰੀ ਖਤਮ ਕੀਤੀ ਜਾਵੇ। ਪਤਾ ਲੱਗਾ ਹੈ ਕਿ ਦੋ ਹਜ਼ਾਰ ਤੋਂ ਵੱਧ ਲੋਕਾਂ ਨੇ ਹੁਣ ਤੱਕ ਦਸਤਖਤ ਕਰ ਦਿਤੇ ਹਨ ਅਤੇ ਯੂਨੀਅਨ ਦੇ ਵਰਕਰ ਵੱਖ ਵੱਖ ਗੁਰਦੁਆਰਿਆਂ ਵਿਚ ਜਾ ਕੇ ਇਸ ਮੁਹਿੰਮ ਨੂੰ ਕਾਮਯਾਬ ਕਰਨ ਵਿਚ ਲੱਗੇ ਹੋਏ ਹਨ।

ਹਰ ਵਿਅਕਤੀ ਦਾ ਫਰਜ਼ ਹੈ ਕਿ ਉਹ ਇਸ ਦਸਤਖਤੀ ਮੁਹਿੰਮ ਵਿਚ ਸ਼ਾਮਲ ਹੋਵੇ।

ਹੋਰ ਜਾਣਕਾਰੀ ਲਈ ਫੋਨ ਕਰੋ :-

ਐਬਟਸਫੋਰਡ ਅਤੇ ਮਿਸ਼ਨ ਏਰੀਏ ਲਈ :
852-2503

# ਦੋ ਸੌ ਸਿੱਖ ਯੁਵਕ ਅਖੌਤੀ ਪੁਲੀਸ ਮੁਕਾਬਲਿਆਂ 'ਚ ਮਰੇ

ਚੰਡੀਗੜ੍ਹ — ਪੰਜਾਬ ਵਿਚ ਪਿਛਲੇ ਦੋ ਮਹੀਨਿਆਂ ਵਿਚ ਲਗਭਗ ਦੋ ਸੌ ਸਿਖ ਯੁਵਕ ਜਿਨ੍ਹਾਂ ਦਾ ਵੱਖ ਵੱਖ ਗਰੁਪਾਂ ਨਾਲ ਸਬੰਧ ਸੀ, 'ਅਖੌਤੀ' ਪੁਲੀਸ ਮੁਕਾਬਲਿਆਂ ਵਿਚ ਮਾਰ ਦਿੱਤੇ ਗਏ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ 'ਕਾਹਲੋਂ' ਗਰੁੱਪ ਦੇ ਇਕ ਬੁਲਾਰੇ ਨੇ ਇਥੇ ਇਹ ਦੋਸ਼ ਲਗਾਇਆ। ਬੁਲਾਰੇ ਨੇ ਦੱਸਿਆ ਕਿ ਅਖੌਤੀ ਪੁਲੀਸ ਮੁਕਾਬਲਿਆਂ ਵਿਚੋਂ ਸੱਠ ਯੁਵਕ ਤਾਂ ਕਾਹਲੋਂ ਗਰੁੱਪ ਦੇ ਹੀ ਮਾਰੇ ਗਏ ਹਨ। ਪੰਜਾਬ ਦੇ ਨਵੇਂ ਡਾਇਰੈਕਟਰ ਜਨਰਲ ਪੁਲੀਸ ਜੇ. ਐਫ. ਰਿਬੈਰੋ ਨੇ ਜਦੋਂ ਅਹੁਦੇ ਦਾ ਚਾਰਜ ਸੰਭਾਲਿਆ ਤਾਂ ਉਨ੍ਹਾਂ ਨੇ ਦਹਿਸ਼ਤਪਸੰਦਾਂ ਵਿਰੁੱਧ ਕਰੜੀ ਕਾਰਵਾਈ ਕਰਨ ਲਈ ਉਨ੍ਹਾਂ ਨੇ ਖੁਫੀਆ ਏਜੰਸੀਆਂ ਦੀ ਮਦਦ ਨਾਲ ਖਾੜਕੂ ਸਿੱਖਾਂ ਵਿਰੁੱਧ ਪੁਲੀਸ ਕਾਰਵਾਈ ਦੀ ਥਾਂ ਮੁਖਬਰਾਂ ਰਾਹੀਂ ਉਨ੍ਹਾਂ ਵਿਚ ਸੈਲ ਕਾਇਮ ਕਰਕੇ ਉਨ੍ਹਾਂ ਦਹਿਸ਼ਤਪਸੰਦਾਂ, ਜਿਨ੍ਹਾਂ ਦੇ ਸਿਰਾਂ ਦੇ ਮੁੱਲ ਇਕ ਤੋਂ ਡੇਢ ਲੱਖ ਰੁਪਏ ਸੀ, ਦਾ ਉਨ੍ਹਾਂ ਦੇ ਵਿਰੋਧੀ ਗਰੁੱਪਾਂ ਦੇ ਵਿਅਕਤੀਆਂ ਰਾਹੀਂ ਹੀ ਸਫਾਇਆ ਕਰਵਾ ਦਿਤਾ। ਫੈਡਰੇਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਇਸ ਦੇ ਨਾਲ ਹੀ ਨੀਮ ਫੌਜੀ ਦਸਤਿਆਂ ਨੇ ਪਿੰਡਾਂ ਵਿਚ ਘਰੋ ਘਰੀ ਜਾ ਕੇ ਤਲਾਸ਼ੀ ਲਈ ਤੇ ਅੰਮ੍ਰਿਤਧਾਰੀ ਸਿਖ ਯੁਵਕਾਂ ਨੂੰ ਪਕੜ ਕੇ ਅਣਦੱਸੇ ਥਾਂ ਤੇ ਲਿਜਾ ਕੇ ਗੋਲੀ ਮਾਰ ਦਿਤੀ। ਸਰਕਾਰੀ ਕਾਗਜ਼ਾਂ ਵਿਚ ਤੇ ਅਖਬਾਰਾਂ ਤੇ ਟੈਲੀਵੀਜ਼ਨ ਤੋਂ ਉਨ੍ਹਾਂ ਨੂੰ ਪੁਲੀਸ ਮੁਕਾਬਲਾ ਵਿਖਾ ਕੇ ਮ੍ਰਿਤਕ ਵਿਖਾਇਆ ਗਿਆ ਹੈ।

ਸਰਹੱਦੀ ਜ਼ਿਲਿਆਂ ਵਿਚ ਵਿਸ਼ੇਸ਼ ਕਰਕੇ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ ਤੇ ਫਰੀਦਕੋਟ ਦੇ ਜ਼ਿਲਿਆਂ ਦੇ ਕੁਝ ਪੁਲੀਸ ਅਧਿਕਾਰੀਆਂ ਨੇ ਡਾਇਰੈਕਟਰ ਜਨਰਲ ਪੁਲੀਸ ਦੀ ਸ਼ਹਿ 'ਤੇ ਅਖੌਤੀ ਪੁਲੀਸ ਮੁਕਾਬਲਿਆਂ ਵਿਚ ਬੇਕਸੂਰ ਸਿੱਖ ਯੁਵਕਾਂ ਨੂੰ ਮਾਰਨ ਵਿਚ ਵਧੇਰੇ ਉਤਸ਼ਾਹ ਵਿਖਾਇਆ ਜਿਸ ਕਾਰਨ ਪਿੰਡਾਂ ਦੇ ਲੋਕਾਂ ਦੇ ਜਜ਼ਬਾਤ ਭੜਕ ਉਠੇ। ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਵਿਅਕਤੀਆਂ ਵਿਰੁੱਧ ਬਹੁਤ ਗੁੱਸਾ ਸੀ ਜਿਨ੍ਹਾਂ ਨੇ ਪੁਲੀਸ ਦੀ ਮੁਖਬਰੀ ਕਰਕੇ ਬੇਕਸੂਰ ਯੁਵਕਾਂ ਨੂੰ ਪਕੜਾਉਣ ਵਿਚ ਅਰਧ ਸੈਨਿਕ ਦਸਤਿਆਂ ਦੀ ਮਦਦ ਕੀਤੀ ਸੀ।


ALLWAYS TRAVEL

IATA APPOINTED AGENCY



- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ !

ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

Book Your Reservation Now For
SUMMER SPECIAL FARE
To INDIA, PAKISTAN, FIJI & LONDON etc.

ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : Ph. 875-1441

3657 Main St. (20th Ave.) Vancouver, B.C. V5V 3N6





ਪਾਇਲ ਸਾੜ੍ਹੀ ਸੈਂਟਰ(1985) ਇੰਨਕ.
ਸਰੀ-ਡੈਲਟਾ ਦੇ ਪੰਜਾਬੀ ਬਾਜ਼ਾਰ ਵਿਚੋਂ :

- ਦਾਜ ਵਰੀ ਦਾ ਸਮਾਨ
- ਵੰਨ-ਸੁਵੰਨੇ ਡੀਜ਼ਾਈਨ
- ਵਾਜ਼ਬ ਕੀਮਤ
- ਲੇਟੈਸਟ ਵਰਾਇਟੀ

ਲੈਣ ਲਈ ਹਮੇਸ਼ਾਂ ਪਾਇਲ ਸਾੜ੍ਹੀ ਸੈਂਟਰ ਦਾ ਨਾਂ ਚੇਤੇ ਰੱਖੋ

ਇੰਡੀਆ ਤੋਂ ਨਵੀਂ ਸ਼ਿਪਮੈਂਟ ਪਹੁੰਚ ਗਈ ਹੈ - ਨਵੇਂ ਨਵੇਂ ਡੀਜ਼ਾਈਨਾਂ ਵਿਚ contrast ਵਿਚ ਸਿਲਕ ਦੇ ਸੂਟ ਨਵੀਂ ਕਢਾਈ ਨਾਲ, ਸਿਲਕ ਸਲਮਾ ਵਾਲੇ ਸੂਟ, ਪਰਾਂਦੇ, ਕਲੀਰੇ, ਵੰਗਾਂ, ਸੰਧੂਰ ਆਦਿ ਸਾਮਾਨ ਮਿਲ ਸਕਦਾ ਹੈ — ਇਕ ਵਾਰੀ ਸਟੋਰ ਤੇ ਆ ਕੇ ਦੇਖੋ

9277 - 120 ਸਟਰੀਟ (ਸਕਾਟ ਰੋਡ) ਡੈਲਟਾ, ਬੀ. ਸੀ.
ਫ਼ੋਨ : 584-6011

# ਸਾਈਚਿਨ 'ਤੇ ਕਬਜ਼ੇ ਲਈ ਲੜਾਈ 'ਚ ਪੰਜ ਪਾਕਿਸਤਾਨੀ ਫੌਜੀ ਹਲਾਕ

ਸ੍ਰੀਨਗਰ — ਸਰਕਾਰੀ ਰਿਪੋਰਟਾ ਅਨੁਸਾਰ ਸ਼ੁੱਕਰਵਾਰ ਵਾਲੇ ਦਿਨ ਲੱਦਾਖ ਸੈਕਟਰ ਵਿਚ ਸਥਿਤ ਅਠਾਰਾਂ ਹਜ਼ਾਰ ਫੁਟ ਦੀ ਉਚਾਈ 'ਤੇ ਸਥਿਤ ਸਾਈਚਿਨ ਗਲੇਸ਼ੀਅਰ 'ਤੇ ਭਾਰਤ ਅਤੇ ਪਾਕਿਸਤਾਨੀ ਫੌਜਾਂ ਦਰਮਿਆਨ ਹੋਈ ਗੋਲਾਬਾਰੀ ਵਿਚ ਪਾਕਿਸਤਾਨ ਦੇ ਪੰਜ ਸੈਨਿਕ ਮਾਰੇ ਗਏ ਅਤੇ ਚਾਰ ਹੋਰ ਜ਼ਖਮੀ ਹੋ ਗਏ। ਭਾਰਤ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਨਾ ਹੀ ਕੋਈ ਭਾਰਤੀ ਸੈਨਿਕ ਜ਼ਖਮੀ ਹੋਇਆ ਹੈ। ਲੜਾਈ ਉਦੋਂ ਸ਼ੁਰੂ ਹੋਈ ਜਦੋਂ ਪਾਕਿਸਤਾਨੀ ਹਵਾਈ ਜਹਾਜ਼ਾਂ ਨੇ ਭਾਰਤ ਦੀ ਹਵਾਈ ਸਰਹੱਦ ਦੀ ਉਲੰਘਣਾ ਕੀਤੀ ਅਤੇ ਭਾਰਤ ਨੇ ਇਸ ਵਿਰੁੱਧ ਰੋਸ ਪ੍ਰਗਟ ਕੀਤਾ ਸੀ।

ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਦੋ ਪਾਕਿਸਤਾਨੀ ਹਵਾਈ ਜਹਾਜ਼ਾਂ ਨੇ ਸਾਈਚਿਨ ਗਲੇਸ਼ੀਅਰ ਦੇ ਇਲਾਕੇ ਵਿਚ ਭਾਰਤ ਦੇ ਖੇਤਰ ਉਤੇ ਉਡਾਣ ਭਰੀ। ਇਹ ਹਵਾਈ ਜਹਾਜ਼ ਬਹੁਤ ਆਧੁਨਿਕ ਅਤੇ ਸੂਖਮ ਔਜ਼ਾਰਾਂ ਨਾਲ ਲੈਸ ਸਨ। ਸਮਝਿਆ ਜਾਂਦਾ ਹੈ ਕਿ ਇਨ੍ਹਾਂ ਦੀ ਉਡਾਣ ਦਾ ਮਕਸਦ ਧਰਤੀ ਦੇ ਨਕਸ਼ੇ ਤਿਆਰ ਕਰਕੇ ਉਥੇ ਭਾਰਤ ਦੀ ਸੁਰੱਖਿਆ ਸਥਿਤੀ ਦਾ ਪਤਾ ਲਾਉਣਾ ਸੀ। ਇਸ ਤੋਂ ਮਗਰੋਂ ਪਾਕਿਸਤਾਨੀ ਸੈਨਾਵਾਂ ਨੇ ਸਾਈਚਿਨ ਖੇਤਰ ਵਿਚ ਅਮਰੀਕਾ ਦੀਆਂ ਬਣੀਆਂ ਉਹ ਮਿਜ਼ਾਈਲਾਂ ਫਿਟ ਕਰ ਦਿੱਤੀਆਂ ਜਿਹੜੀਆਂ ਮੋਢੇ 'ਤੇ ਰੱਖ ਕੇ ਚਲਾਈਆਂ ਜਾ ਸਕਦੀਆਂ ਹਨ। ਇਹ ਮਿਜ਼ਾਈਲਾਂ ਅਮਰੀਕਾ ਨੇ ਸੋਵੀਅਤ ਫੌਜਾਂ ਨਾਲ ਲੜਨ ਲਈ ਅਫਗਾਨ ਰਿਫਿਊਜ਼ੀਆਂ ਨੂੰ ਦੇਣ ਲਈ ਭੇਜੀਆਂ ਸਨ।

ਪਰ ਇਨ੍ਹਾਂ ਦੀ ਵਰਤੋਂ ਪਾਕਿਸਤਾਨੀ ਫੌਜਾਂ ਨੇ ਸਾਈਚਿਨ ਇਲਾਕੇ ਵਿਚ ਆਪਣੀ ਸ਼ਕਤੀ ਵਿਚ ਵਾਧਾ ਕਰਨ ਲਈ ਕਰਨੀ ਸ਼ੁਰੂ ਕਰ ਦਿੱਤੀ। ਸਾਈਚਿਨ ਬਾਰੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਗੱਲਬਾਤ ਸ਼ੁਰੂ ਹੋਣ ਵਾਲੀ ਹੈ। ਪਰ ਪਾਕਸਤਾਨੀ ਫੌਜਾਂ ਨੇ ਗੱਲਬਾਤ ਤੋਂ ਐਨ ਪਹਿਲਾਂ ਗੜਬੜ ਕਰਨੀ ਸ਼ੁਰੂ ਕਰ ਦਿੱਤੀ।

ਸੁਰੱਖਿਆ ਮਾਹਿਰਾਂ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਦੀ ਵਾਰਦਾਤ ਪਾਕਿਸਤਾਨ ਦੀ ਸੋਚੀ ਸਮਝੀ ਸਾਜ਼ਸ਼ ਅਧੀਨ ਕੀਤੀ ਗਈ ਹੈ। ਪਾਕਿਸਤਾਨ ਨੂੰ ਸ਼ਾਇਦ ਇਹ ਆਸ ਸੀ ਕਿ ਪਾਕਿਸਤਾਨੀ ਫੌਜਾਂ ਸਾਈਚਿਨ ਦੇ ਕੁਝ ਖੇਤਰ ਉਤੇ ਕਬਜ਼ਾ ਕਰਨ ਵਿਚ ਸਫਲ ਹੋ ਜਾਣਗੀਆਂ ਅਤੇ ਫਿਰ ਇਸ ਦੀ ਵਰਤੋਂ ਗੱਲਬਾਤ ਦੌਰਾਨ ਸੌਦੇਬਾਜ਼ੀ ਲਈ ਕੀਤੀ ਜਾ ਸਕੇਗੀ। ਸਰਕਾਰੀ ਅੰਕੜਿਆਂ ਮੁਤਾਬਕ ਮਈ 1985 ਤੋਂ ਇਸ ਚਾਲੀ ਮੀਲ ਲੰਬੇ ਗਲੇਸ਼ੀਅਰ ਉਤੇ ਕਬਜ਼ੇ ਲਈ ਚਲ ਰਹੀ ਲੜਾਈ ਦੌਰਾਨ ਭਾਰਤ ਅਤੇ ਪਾਕਿਸਤਾਨ ਦੇ 150 ਦੇ ਕਰੀਬ ਸੈਨਿਕ ਮਾਰੇ ਜਾ ਚੁੱਕੇ ਹਨ ਅਤੇ ਕਈ ਹੋਰ ਜ਼ਖਮੀ ਹੋ ਚੁਕੇ ਹਨ। ਇਸ ਗਲੇਸ਼ੀਅਰ ਉਤੇ ਦੋਵੇਂ ਦੇਸ਼ ਹੀ ਦਾਅਵਾ ਜਤਾ ਰਹੇ ਹਨ। ਸਮਝਿਆ ਜਾਂਦਾ ਹੈ ਕਿ ਪਾਕਿਸਤਾਨ ਦੇ ਮਰਨ ਵਾਲੇ ਸੈਨਿਕਾਂ ਦੀ ਗਿਣਤੀ ਭਾਰਤ ਨਾਲੋਂ ਵਧੇਰੇ ਹੈ ਇਥੇ ਹੀ ਬਸ ਨਹੀਂ ਉਚਾਈ ਕਾਰਨ ਅਤੇ ਪਹਾੜ ਡਿੱਗਣ ਕਾਰਨ ਬਹੁਤ ਸਾਰੇ ਪਾਕਿਸਤਾਨੀ ਅਤੇ ਭਾਰਤੀ ਸੈਨਿਕ ਅਪਾਹਜ ਹੋ ਚੁੱਕੇ ਹਨ।

# ਗੁਰਦਾਸਪੁਰ ਦੇ 21 ਹੋਰ ਪਿੰਡਾਂ ਵਿਚ ਪੱਕੀਆਂ ਚੌਕੀਆਂ

ਗੁਰਦਾਸਪੁਰ — ਦਹਿਸ਼ਤਵਾਦੀ ਹਿੰਸਾ ਦੀ ਗ੍ਰਿਫਤ 'ਚ ਆਏ ਗੁਰਦਾਸਪੁਰ ਜ਼ਿਲੇ ਦੇ 21 ਹੋਰ ਪਿੰਡਾਂ ਅਤੇ ਕਸਬਿਆਂ ਅੰਦਰ ਨੀਮ ਸੁਰੱਖਿਆ ਦਲਾਂ ਦੀਆਂ ਸਥਾਈ ਤੌਰ 'ਤੇ ਚੌਕੀਆਂ ਕਾਇਮ ਕਰ ਦਿੱਤੀਆਂ ਗਈਆਂ ਹਨ। ਇਸ ਗੱਲ ਦਾ ਪ੍ਰਗਟਾਵਾ ਇਥੇ ਡਿਪਟੀ ਕਮਿਸ਼ਨਰ ਆਰ. ਪੀ. ਐਸ. ਪਵਾਰ ਵਲੋਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਜ਼ਿਲੇ ਦੇ 35 ਕਸਬਿਆਂ ਵਿਚ ਪਹਿਲਾਂ ਹੀ ਅਜਿਹੀਆਂ ਚੌਕੀਆਂ ਕਾਇਮ ਹਨ।

ਜ਼ਿਲਾ ਅਧਿਕਾਰੀ ਦੀ ਸੂਚਨਾ ਅਨੁਸਾਰ ਇਹ ਚੌਕੀਆਂ ਪਲਟੂਨ ਕਮਾਂਡ ਦੇ ਹਵਾਲੇ ਹੋਣਗੀਆਂ ਅਤੇ ਇਨ੍ਹਾਂ ਦੇ ਇਕ ਦੂਸਰੀ ਚੌਕੀ ਵਿਚਾਲੇ ਰੇਡੀਓ ਸੰਪਰਕ ਦੀ ਵਿਵਸਥਾ ਹੋਵੇਗੀ। ਦਹਿਸ਼ਤਗਰਦਾਂ ਨਾਲ ਨਜਿੱਠਣ ਲਈ ਜ਼ਿਲੇ ਦੇ ਸਾਰੇ ਪਿੰਡਾਂ ਅੰਦਰ ਦਿਨ ਸਮੇਂ ਡਿਊਟੀ ਦੇਦ ਲਈ ਇਕ ਵਲੰਟੀਅਰ ਫੋਰਸ ਵੀ ਖੜ੍ਹੀ ਕੀਤੀ ਗਈ ਹੈ ਜੋ ਕਿ ਪੰਜਾਬ ਪੁਲੀਸ ਦੀ ਨਿਗਰਾਨੀ ਹੇਠ ਕੰਮ ਕਰੇਗੀ ਨੀਮ ਫੌਜੀ ਦਲਾਂ ਦੀਆਂ ਅੱਠ ਹੋਰ ਕੰਪਨੀਆਂ ਪੁੱਜਣ ਨਾਲ ਜ਼ਿਲੇ ਅੰਦਰ ਤਾਇਨਾਤ ਕੰਪਨੀਆਂ ਦੀ ਕੁੱਲ ਗਿਣਤੀ ਹੁਣ 24 ਹੋ ਗਈ ਹੈ।

## ਨੁਕਤਾਚੀਨੀ

ਅੰਮ੍ਰਿਤਸਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਕਾਹਲੋਂ ਧੜੇ) ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੇ ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਰਹੱਦੀ ਜ਼ਿਲਿਆਂ ਦਾ ਕੰਟਰੋਲ ਸੁਰੱਖਿਆ ਦਲਾਂ ਨੂੰ ਸੰਭਾਲਣ ਲਈ ਬਰਨਾਲਾ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਸਖਤ ਸ਼ਬਦਾਂ ਵਿਚ ਜਾਰੀ ਕੀਤੇ ਬਿਆਨ ਵਿਚ ਸ੍ਰੀ ਕਾਹਲੋਂ ਨੇ ਆਖਿਆ ਕਿ ਅਕਾਲੀ ਦਲ ਨੇ 'ਧਰਮ ਯੁੱਧ' ਮੋਰਚਾ ਤਾਂ ਆਨੰਦਪੁਰ ਸਾਹਿਬ ਦੇ ਮਤੇ ਦੇ ਤਹਿਤ ਪੰਜਾਬ ਲਈ ਵਧੇਰੇ ਖੁਦਮੁਖਤਾਰੀ ਹਾਸਲ ਕਰਨ ਲਈ ਸ਼ੁਰੂ ਕੀਤਾ ਸੀ ਪ੍ਰੰਤੂ ਹੋਇਆ ਇਸ ਦੇ ਬਿਲਕੁਲ ਉਲਟ ਹੈ ਜਦੋਂ ਕਿ ਸਰਕਾਰ ਨੇ ਦੋ ਜ਼ਿਲਿਆਂ ਦਾ ਕੰਟਰੋਲ ਹੀ ਸੁਰੱਖਿਆ ਦਲਾਂ ਦੇ ਹਵਾਲੇ ਕਰ ਦਿੱਤਾ ਹੈ।

ਫੈਡਰੇਸ਼ਨ ਆਗੂ ਨੇ ਇਸ ਵਰਤਾਰੇ ਨੂੰ ਸਿੱਖਾਂ ਦਾ ਮਨੋਬਲ ਖਤਮ ਕਰਨ ਅਤੇ ਇਸ ਪ੍ਰਕਾਰ ਉਨ੍ਹਾਂ ਨੂੰ ਘਸਿਆਰੇ ਬਣਾ ਦੇਣ ਦੀ ਸਾਜ਼ਿਸ਼ ਦਾ ਹਿੱਸਾ ਕਰਾਰ ਦਿਤਾ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਪੰਜਾਬ ਦੇ ਗ੍ਰਹਿ ਸਕੱਤਰ ਅਤੇ ਡਾਇਰੈਕਟਰ ਜਨਰਲ ਪੁਲੀਸ ਵਲੋਂ ਸਿੱਧੀਆਂ ਕੇਂਦਰ ਸਰਕਾਰ ਤੋਂ ਹਦਾਇਤਾਂ ਹਾਸਲ ਕੀਤੀਆਂ ਜਾ ਰਹੀਆਂ ਹਨ ਜਦੋਂ ਕਿ ਪੰਜਾਬ ਸਰਕਾਰ ਦੀ ਹੋਂਦ ਮਹਿਜ਼ ਕਾਗਜ਼ਾਂ ਤਕ ਹੀ ਮਹਿਦੂਦ ਹੈ। ਸ੍ਰੀ ਕਾਹਲੋਂ ਨੇ ਆਖਿਆ ਕਿ ਹੁਣ ਅਗਲੇ ਕਦਮ ਵਜੋਂ ਸਰਕਾਰ ਵਲੋਂ ਹਿੰਦੂਆਂ ਨੂੰ ਖੁਸ਼ ਕਰਨ ਲਈ ਰਾਜ ਨੂੰ ਹਥਿਆਰਬੰਦ ਫੌਜਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਉਨ੍ਹਾਂ ਨੇ ਸਮੂਹ ਸਿੱਖਾਂ ਨੂੰ ਮੌਜੂਦਾ ਸੰਕਟਮਈ ਸਥਿਤੀ ਦਾ ਪੂਰੇ ਸਾਹਸ ਨਾਲ ਟਾਕਰਾ ਕਰਨ ਦਾ ਸੱਦਾ ਦਿੱਤਾ।

## ਖਾਲਿਸਤਾਨ ਫੋਰਸ

ਬਟਾਲਾ — ਖਾਲਿਸਤਾਨ ਆਰਮਡ ਫੋਰਸ ਨੇ ਦਬੁਰਜੀ ਅਤੇ ਸਰਹਾਲੀ ਵਿਖੇ ਹੋਏ ਹੱਤਿਆ ਕਾਂਡਾਂ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਹੈ। ਇਸ ਗੱਲ ਦਾ ਪ੍ਰਗਟਾਵਾ ਫੋਰਸ ਦੇ ਆਫਿਸ ਸੈਕਟਰੀ ਕੁਲਵੰਤ ਸਿੰਘ ਖਾਲਸਾ ਵਲੋਂ ਜਾਰੀ ਕੀਤੇ ਇਕ ਪ੍ਰੈਸ ਬਿਆਨ ਅੰਦਰ ਕੀਤਾ ਗਿਆ।

# ਹਰਿਆਣਾ 'ਚ ਅਧਿਕਾਰੀਆਂ ਨੂੰ ਸਖਤੀ ਦੇ ਆਦੇਸ਼

ਸੋਨੀਪਤ — ਹਰਿਆਣਾ ਸਰਕਾਰ ਨੇ ਰਾਜ ਅੰਦਰ ਅਮਨ ਤੇ ਕਾਨੂੰਨ ਦੀ ਹਾਲਤ ਠੀਕ ਰੱਖਣ ਅਤੇ ਫਿਰਕੂ ਸ਼ਾਂਤੀ ਬਰਕਰਾਰ ਰੱਖਣ ਹਿਤ ਸਬੰਧਿਤ ਵਿਭਾਗਾਂ ਨੂੰ ਸੁਚੇਤ ਕੀਤਾ ਹੈ। 21 ਜੂਨ ਨੂੰ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਣਾ ਹੈ ਤੇ ਉਸੇ ਦਿਨ ਹਰਿਆਣਾ ਸੰਘਰਸ਼ ਸੰਕਤੀ ਨੇ ਰਾਜ ਭਰ 'ਚ ਬੰਦ ਦਾ ਸੱਦਾ ਦਿੱਤਾ ਹੈ। ਸਰਕਾਰੀ ਸੂਤਰਾਂ ਅਨੁਸਾਰ ਜ਼ਿਲਾ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਸਥਿਤੀ ਨਾਲ ਸਖਤੀ ਨਾਲ ਨਿਪਟਿਆ ਜਾਵੇ ਅਤੇ ਜੇਕਰ ਕੋਈ ਵਿਅਕਤੀ ਹਿੰਸਾ 'ਤੇ ਉਤਰਦਾ ਹੈ ਤਾਂ ਉਸ ਵਿਰੁੱਧ ਕਰੜੀ ਕਾਰਵਾਈ ਕੀਤੀ ਜਾਵੇ।

ਇਸੇ ਦੌਰਾਨ ਸੰਘਰਸ਼ ਸੰਮਤੀ ਦੇ ਆਗੂ ਗ੍ਰਿਫਤਾਰੀਆਂ ਤੋਂ ਬਚਣ ਲਈ ਰੂਪੋਸ਼ ਹੋਣ ਦਾ ਪ੍ਰੋਗਰਾਮ ਬਣਾ ਰਹੇ ਹਨ। ਸਰਕਾਰੀ ਸੂਤਰਾਂ ਅਨੁਸਾਰ ਲੋਕ ਦਲ ਅਤੇ ਭਾਜਪਾ ਦੇ ਸਰਗਰਮ ਵਰਕਰਾਂ ਦੀਆਂ ਸੂਚੀਆਂ ਤਿਆਰ ਕਰ ਲਈਆਂ ਹਨ। ਸ੍ਰੀ ਦੇਵੀ ਲਾਲ (ਲੋਕ ਦਲ) ਤੇ ਡਾ. ਮੰਗਲ ਸੇਨ (ਭਾਜਪਾ) ਇਸ ਸਮੇਂ ਪਿੰਡਾਂ ਤੇ ਕਸਬਿਆਂ ਦੇ ਦੌਰੇ ਕਰ ਰਹੇ ਹਨ।

# ਇੰਗਲੈਂਡ 'ਚ ਨਸਲੀ ਹਮਲਿਆਂ 'ਚ ਵਾਧਾ

ਲੰਡਨ — ਬਰਤਾਨੀਆ ਵਿਚ ਏਸ਼ਿਆਈ ਲੋਕਾਂ ਵਿਰੁੱਧ ਨਸਲੀ ਹਿੰਸਾ ਅਤੇ ਵਿਤਕਰਾ ਦਿਨੋਂ ਦਿਨ ਵਧ ਰਿਹਾ ਹੈ। ਇਹ ਗੱਲ ਨਸਲੀ ਬਰਾਬਰੀ ਲਈ ਮੁਹਿੰਮ ਦੀ ਸਾਲਾਨਾ ਰਿਪੋਰਟ ਵਿਚ ਕਹੀ ਗਈ ਹੈ। ਨਸਲੀ ਹਮਲੇ ਹੁਣ ਸਕਾਟਲੈਂਡ ਵਰਗੇ ਥਾਵਾਂ ਉਤੇ ਵੀ ਹੋ ਰਹੇ ਹਨ ਜਿਥੇ ਪਹਿਲਾਂ ਚੰਗੇ ਸਬੰਧ ਕਾਇਮ ਸਨ। ਇਸ ਸਾਲ ਦੇ ਸ਼ੁਰੂ ਤੋਂ ਗਲਾਸਗੋ ਦੇ ਏਸ਼ਿਆਈ ਬੱਚਿਆਂ ਨੂੰ ਸਕੂਲਾਂ ਵਿਚ ਲਗਭਗ ਹਰ ਹਫਤੇ ਕੁੱਟਮਾਰ ਕੀਤੀ ਜਾਂਦੀ ਹੈ। ਲਗਭਗ ਸਾਰੇ ਏਸ਼ਿਆਈ ਪਰਿਵਾਰਾਂ ਦੇ ਘਰਾਂ ਦੇ ਸ਼ੀਸ਼ੇ ਭੰਨੇ ਗਏ ਹਨ। ਉਨ੍ਹਾਂ ਦੀਆਂ ਕੰਧਾਂ ਉਤੇ ਨਸਲੀ ਨਾਅਰੇ ਲਿਖੇ ਗਏ ਹਨ।

# ਕਾਹਲੋਂ ਨੂੰ ਝੂਠੇ ਪੁਲੀਸ ਮੁਕਾਬਲੇ ਦਾ ਖਦਸ਼ਾ

ਜਲੰਧਰ — ਸਿਖ ਸਟੂਡੈਂਟਸ ਫੈਡਰੇਸ਼ਨ ਦੇ ਕਨਵੀਨਰ ਹਰਿੰਦਰ ਸਿੰਘ ਕਾਹਲੋਂ ਨੇ ਇਕ ਬਿਆਨ ਵਿਚ ਦੋਸ਼ ਲਾਇਆ ਹੈ ਕਿ ਜਲੰਧਰ ਪੁਲੀਸ ਫੈਡਰੇਸ਼ਨ ਦੀ ਜਲੰਧਰ ਇਕਾਈ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਮੱਲੀ ਨੂੰ ਝੂਠਾ ਪੁਲੀਸ ਮੁਕਾਬਲਾ ਬਣਾ ਕੇ ਮਾਰਨਾ ਚਾਹੁੰਦੀ ਹੈ। ਸ੍ਰੀ ਮੱਲੀ ਨੂੰ ਦੋ ਜੂਨ ਨੂੰ ਸ਼ਾਹਕੋਟ ਪੁਲੀਸ ਨੇ ਜਲੰਧਰ ਕਚਹਿਰੀਆਂ ਤੋਂ ਗ੍ਰਿਫਤਾਰ ਕੀਤਾ ਸੀ। ਪਰ ਹੁਣ ਕਹਿ ਰਹੀ ਹੈ ਕਿ ਉਹ ਹਿਰਾਸਤ 'ਚੋਂ ਦੌੜ ਗਿਆ ਹੈ।

0 ਅੱਜ ਦੇ ਸਮਾਜ ਵਿਚ ਪ੍ਰੇਸ਼ਾਨੀਆਂ ਹੀ ਪ੍ਰੇਸ਼ਾਨੀਆਂ ਹਨ, ਕਿਉਂ ? ਇਹਨਾਂ ਦਾ ਹੱਲ ਕੀ ਹੈ—ਸਮਗਲਿੰਗ ਜਾਂ ਪੂਜਾ ਪਾਠ.
—ਸਮਗਲਿੰਗ ਪਿਛੋਂ ਪੂਜਾ ਪਾਠ.

0 ਨੇਤਾ ਦੀ ਟੋਪੀ, ਐਕਟਰਸ ਦੀ ਸ਼ਰਾਬ ਅਤੇ ਪੁਲੀਸ ਦੇ ਡੰਡੇ ਵਿਚ ਤਾਲਮੇਲ ਪੈਦਾ ਕਰੋ.
—ਡੰਡੇ ਦੇ ਪਹਿਰੇ ਵਿਚ ਐਕਟਰਸ ਦੀ ਸ਼ਰਾਬ, ਨੇਤਾ ਦੀ ਟੋਪੀ ਵਿਚ ਛਾਣ ਕੇ ਪੀਤੀ ਜਾਂਦੀ ਹੈ.

0 ਕਈ ਲੋਕ ਆਪਣੀ-ਕਬਰ ਆਪ ਖੋਦਦੇ ਹਨ.
—ਖੁਦਾਈ ਦੇ ਪੈਸੇ ਬਚਾਣ ਲਈ.

0 ਜੇਕਰ ਵਿਆਹ ਇਸ਼ਕ ਦੀ ਮੌਤ ਹੈ ਤਾਂ ਬੱਚੇ ?
—ਮੌਤ ਦਾ ਸਰਟੀਫਿਕੇਟ.




ਪੰਜਾਬ ਮਸਲੇ ਦੇ ਹੱਲ ਲਈ ਇਨ੍ਹਾਂ ਨਾਲ ਗੱਲਬਾਤ ਕਰੋ

**SUPER Photo Studio**

9375-120th St.(Scott Rd.), Delta Ph. 589-4668

93

ਵਿਆਹ ਸ਼ਾਦੀ ਆਦਿ ਤੇ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਪਲਾਂ ਨੂੰ ਸੁਚੱਜੇ ਚਿਤਰਾਂ ਵਿਚ ਰੂਪਮਾਨ ਕਰਨ ਲਈ ਇਕ ਤਜਰਬੇਕਾਰ ਫੋਟੋ ਗਰਾਫਰ ਦੀ ਲੋੜ ਪੈਂਦੀ ਹੈ
ਸੁਪਰ ਫੋਟੋ ਸਟੂਡੀਓ ਤੁਹਾਡੀ ਇਸ ਲੋੜ ਨੂੰ ਪੂਰੀ ਕਰੇਗਾ

Passport Photos in 5 minutes
We are specialized in Wedding and Family photos

**ਫ਼ਾਰਮ ਵਿਚ ਕੰਮ ਕਰਨ ਵਾਲਿਆਂ ਲਈ ਖੁਸ਼ਖਬਰੀ!**

- ਕੰਮ ਗੁਡਾਈ ਦਾ ਸ਼ੁਰੂ ਹੋ ਚੁੱਕਾ ਹੈ
- ਕੰਮ ਪਿਛਲੇ ਸਾਲ ਵਾਂਗ ਦਸੰਬਰ ਤੱਕ ਚੱਲੇਗਾ
- ਕੰਮ ਸਟਰਾਅ ਬੇਰੀ, ਰਸਬੇਰੀ, ਬਲੂਬੇਰੀ, ਕਰੈਨਬੇਰੀ, ਤੇ ਸਬਜ਼ੀਆਂ ਦਾ ਹੋਵੇਗਾ
- ਪੂਰੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ
- ਅੱਜ ਹੀ ਟੈਲੀਫੂਨ ਕਰੋ : ਸਵੇਰੇ ਹੀ ਕੰਮ ਤੇ ਚੱਲੋ

ਇਕ ਵੈਨ ਡਰਾਈਵਰ ਦੀ ਵੀ ਲੋੜ ਹੈ

ਹੋਰ ਜਾਣਕਾਰੀ ਲਈ :

ਮੇਜਰ ਸਿੰਘ 584-8359

BINING ENTERPRISES LTD.

**BOMBAY SWEETS**
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
*Delicious Indian food*

# ਦਹਿਸ਼ਤਪਸੰਦਾਂ ਹੱਥੋਂ ਤਿੰਨ ਮੌਤਾਂ — ਤਿੰਨ ਫੱਟੜ

ਅੰਮ੍ਰਿਤਸਰ — ਪੰਜਾਬ ਵਿਚ ਹੋਈਆਂ ਘਟਨਾਵਾਂ ਵਿਚ ਦਹਿਸ਼ਤਪਸੰਦਾਂ ਨੇ ਤਿੰਨ ਵਿਅਕਤੀਆਂ ਨੂੰ ਗੋਲੀ ਨਾਲ ਉਡਾ ਦਿਤਾ ਅਤੇ ਤਿੰਨ ਹੋਰਨਾਂ ਨੂੰ ਫੱਟੜ ਕਰ ਦਿੱਤਾ। ਪਠਾਨਕੋਟ ਵਿਚ ਇਕ ਵਿਅਕਤੀ ਸੈਨਿਕ ਜਵਾਨ ਹੱਥੋਂ ਮਾਰਿਆ ਗਿਆ। ਚੌਂਕ ਲਛਮਣਸਰ ਵਿਚ ਇਕ ਦੁਕਾਨਦਾਰ ਨੂੰ ਗੋਲੀ ਮਾਰ ਕੇ ਹਲਾਕ ਕਰ ਦਿਤਾ ਗਿਆ। ਇਹ ਦੁਕਾਨਦਾਰ ਸੁੱਕੇ ਮੇਵਿਆਂ ਦਾ ਵਪਾਰੀ ਸੀ। ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਜਿੱਥੇ ਪੁਜ ਕੇ ਉਸਦੀ ਮੌਤ ਹੋ ਗਈ।

ਤਰਨਤਾਰਨ ਵਿਚ ਇਕ ਧਾਰਮਿਕ ਅਸਥਾਨ ਦੇ ਮੈਨੇਜਰ ਨੂੰ ਗੋਲੀ ਮਾਰ ਕੇ ਫੱਟੜ ਕਰ ਦਿਤਾ ਗਿਆ। ਉਸ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ ਹੈ।

ਗੁਰਦਾਸਪੁਰ — ਧਾਰੀਵਾਲ ਦੇ ਪਿੰਡ ਪੱਸਣਵਾਲਾ ਵਿਖੇ ਦੋ ਨੌਜਵਾਨ ਪਿਸਤੌਲ ਲੈ ਕੇ ਆਏ ਤੇ ਮੰਗਲ ਸਿੰਘ ਦੇ ਖੇਤਾਂ ਵਿਚ ਗਏ। ਉਨ੍ਹਾਂ ਮੰਗਲ ਸਿੰਘ ਦੀ ਪਤਨੀ ਤੋਂ ਮੰਗਲ ਸਿੰਘ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ ਕਿ ਉਹ ਘਰ ਨਹੀਂ ਇਸ 'ਤੇ ਉਨ੍ਹਾਂ ਮੰਗਲ ਸਿੰਘ ਦੀ ਪਤਨੀ ਨੂੰ ਹੀ ਗੋਲੀ ਮਾਰ ਕੇ ਮਾਰ ਦਿੱਤਾ। ਘਟਨਾ ਬਾਅਦ ਉਹ ਫਰਾਰ ਹੋ ਗਏ। ਦੂਜੀ ਘਟਨਾ ਧਾਰੀਵਾਲ ਨੇੜਲੇ ਪਿੰਡ ਰੇਤਵਾਲਾ ਵਿਖੇ ਹੋਈ ਜਿਥੇ ਦੋ ਨੌਜਵਾਨ ਵਰਿਆਮ ਸਿੰਘ ਦੇ ਘਰ ਗਏ। ਨੌਜਵਾਨਾਂ ਨੇ ਗੋਲੀ ਚਲਾ ਕੇ ਵਰਿਆਮ ਸਿੰਘ ਤੇ ਉਸ ਦੀ ਪਤਨੀ ਨੂੰ ਫੱਟੜ ਕਰ ਦਿੱਤਾ। ਦੋਹਾਂ ਦੀ ਹਾਲਤ ਖਤਰੇ ਵਿਚ ਦੱਸੀ ਗਈ ਹੈ। ਦੋਹਾਂ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ।

ਤੀਜੀ ਘਟਨਾ ਪਠਾਨਕੋਟ ਛਾਉਣੀ ਦੇ ਇਲਾਕੇ ਵਿਚ ਵਾਪਰੀ। ਇਕ ਬ੍ਰਿਗੇਡੀਅਰ ਦੇ ਬੰਗਲੇ ਬਾਹਰ ਇਕ ਵਿਅਕਤੀ ਤੁਰਿਆ ਜਾ ਰਿਹਾ ਸੀ। ਬੰਗਲੇ 'ਤੇ ਪਹਿਰਾ ਦੇ ਰਹੇ ਜੁਆਨ ਨੇ ਉਸ ਵਿਅਕਤੀ ਨੂੰ ਰੁਕਣ ਅਤੇ ਹੱਥ ਖੜ੍ਹੇ ਕਰਨ ਲਈ ਕਿਹਾ ਤਾਂ ਉਸ ਨੇ ਅੱਗਿਓਂ ਕੋਈ ਚੀਜ਼ ਉਸ ਜੁਆਨ ਉਤੇ ਵਗਾਹ ਮਾਰੀ। ਪਹਿਰਾ ਦੇ ਰਹੇ ਜੁਆਨ ਨੇ ਉਸ ਨੂੰ ਗੋਲੀ ਮਾਰੀ ਕੇ ਮਾਰ ਦਿਤਾ। ਮ੍ਰਿਤਕ ਦੀ ਪਹਿਚਾਣ ਨਹੀਂ ਹੋ ਸਕੀ। ਪਠਾਨਕੋਟ ਵਿਚ ਮਕਾਨਾਂ ਦੀਆਂ ਕੰਧਾਂ ਉਤੇ ਹੱਥ-ਲਿਖਤ ਇਸ਼ਤਿਹਾਰ ਲਗਾਏ ਗਏ ਹਨ ਜਿਨ੍ਹਾਂ ਵਿਚ ਲਿਖਿਆ ਗਿਆ ਹੈ ਕਿ ਇਕ ਫਿਰਕੇ ਦੇ ਲੋਕ 20 ਜੂਨ ਤੱਕ ਸ਼ਹਿਰ ਛੱਡ ਕੇ ਚਲੇ ਜਾਣ।

# ਮਾਨੋਚਾਹਲ ਵਲੋਂ ਗੰਭੀਰ ਨਤੀਜੇ ਦੀ ਧਮਕੀ

ਜਲੰਧਰ — ਭਾਈ ਗੁਰਬਚਨ ਸਿੰਘ ਮਾਨੋਚਾਹਲ ਐਕਟਿੰਗ ਜਥੇਦਾਰ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਨੇ ਉਨ੍ਹਾਂ ਜਥੇਬੰਦੀਆਂ ਤੇ ਵਿਅਕਤੀਆਂ ਦੀ ਜ਼ੋਰਦਾਰ ਸ਼ਬਦਾਂ ਵਿਚ ਨਿੰਦਾ ਕੀਤਾ ਹੈ ਜੋ ਕਿ ਪੰਜਾਬ ਦੇ ਚਾਰ ਜ਼ਿਲਿਆਂ ਅੰਮ੍ਰਿਤਸਰ, ਗੁਰਦਾਸਪੁਰ, ਫਿਰੋਜ਼ਪੁਰ ਅਤੇ ਕਪੂਰਥਲਾ ਨੂੰ ਫੌਜ ਦੇ ਹਵਾਲੇ ਕਰਨ ਦੀ ਮੰਗ ਕਰ ਰਹੇ ਹਨ। ਮਾਨੋਚਾਹਲ ਨੇ ਧਮਕੀ ਦਿੱਤੀ ਹੈ ਕਿ ਜੇਕਰ ਇਨ੍ਹਾਂ ਜ਼ਿਲਿਆਂ ਨੂੰ ਫੌਜ ਦੇ ਹਵਾਲੇ ਕੀਤਾ ਗਿਆ ਤਾਂ ਅਜਿਹੀ ਮੰਗ ਕਰਨ ਵਾਲਿਆਂ ਨੂੰ ਆਪਣੀ ਜਾਨ-ਮਾਲ ਦਾ ਫਿਕਰ ਕਰਨਾ ਹੋਵੇਗਾ। ਮਾਨੋਚਾਹਲ ਨੇ ਸਿੱਖਾਂ ਨੂੰ ਹਥਿਆਰਬੰਦ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜਿਤਨੀ ਛੇਤੀ ਅਜਿਹੇ ਅਨਸਰਾਂ ਦਾ ਖਾਤਮਾ ਕੀਤਾ ਜਾਏ ਓਨਾ ਹੀ ਅੱਛਾ ਹੈ ਤੇ ਇਸ ਮਨੋਰਥ ਲਈ ਹੁਣ ਯੋਗ ਸਮਾਂ ਹੈ। ਉਨ੍ਹਾਂ ਖਾੜਕੂ ਸਿੱਖਾਂ ਨੂੰ ਕਿਹਾ ਕਿ ਉਹ ਫੌਜ ਦੀ ਮੰਗ ਕਰਨ ਵਾਲੇ ਫਿਰਕਾਪ੍ਰਸਤੀ ਨੂੰ ਪੰਜਾਬ ਵਿਚ ਨਾ ਠਹਿਰਣ ਦੇਣ। ਇਨ੍ਹਾਂ ਨੂੰ ਸਿੱਖਾਂ ਦੇ ਖੂਨ ਨਾਲ ਹੱਥ ਰੰਗਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਮਾਨੋਚਾਹਲ ਨੇ ਕਿਹਾ ਕਿ ਦਿੱਲੀ ਵਿਚ ਮੋਰਚਾ ਲਗਾਉਣ ਵਾਲੇ ਉਹ ਹੀ ਲੋਕ ਹਨ ਜੋ ਕਿ ਹੁਣ ਤਕ ਪੰਜਾਬ ਦੀਆਂ ਮੰਗਾਂ ਦਾ ਵਿਰੋਧ ਕਰਦੇ ਰਹੇ ਹਨ ਤੇ 1984 ਦੇ ਭਾਰਤ ਵਿਚ ਸਿੱਖਾਂ ਵਿਰੁੱਧ ਹੋਏ ਹਮਲਿਆਂ ਵਿਚ ਸਹਾਇਕ ਰਹੇ ਹਨ। ਵਪਾਰੀ ਵਰਗ ਦਾ ਵਰਨਣ ਕਰਦਿਆਂ ਮਾਨੋਚਾਹਲ ਨੇ ਕਿਹਾ ਕਿ ਇਹ ਹੁਣ ਤੱਕ ਪੰਜਾਬ ਨੂੰ ਲੁੱਟਦੇ ਰਹੇ ਹਨ ਤੇ ਪੰਜਾਬ ਦੀ ਖੁਸ਼ਹਾਲੀ ਵਿਚ ਇਨ੍ਹਾਂ ਕੋਈ ਹਿਸਾ ਨਹੀਂ ਪਾਇਆ। ਇਸ ਲਈ ਇਨ੍ਹਾਂ 'ਤੇ ਰਹਿਮ ਦਾ ਕੋਈ ਅਰਥ ਨਹੀਂ।

# ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਬਾਦਲ ਨੇ ਕਿਹਾ ਸਾਡਾ ਦੂਸਰਾ ਫਾਰਮੂਲਾ ਇਹ ਹੈ — ਇੰ: ਕੈ: ਟਾ:
— ਜਿਹੜਾ ਕਨੇਡਾ ਵਿਚ ਖਾਲਿਸਤਾਨੀਆਂ ਨੇ ਫੌਜੀ ਐਡੀਟਰ ਤੇ ਵਰਤਿਆ?
- ਉਮਰਾਨੰਗਲ ਨੇ ਫਿਰ ਗੱਪ ਦਾਗੀ — ਇੰ: ਕੈ: ਟਾ:
— ਤੇਰੀ 17 ਹਜ਼ਾਰੀ ਗੱਪ ਤੋਂ ਵੱਡੀ ਨਹੀਂ ਹੋ ਸਕਦੀ।
- ਬਰਿਜ ਮੋਹਣ ਤੇ ਹਮਲਾ — ਇੰ: ਕੈ: ਟਾ:
— ਤੇਰੇ ਦਫਤਰ ਅੱਗੇ ਬੰਬ ਰੱਖਣ ਵਰਗਾ ਹੀ ਹੋਵੇਗਾ।
- ਸ਼ਿਵ ਸੈਨਾ ਵਰਕਰ ਆਪੋ ਵਿਚ ਘਸੁੰਨ ਮੁੱਕੀ — ਇੰ: ਕੈ: ਟਾ:
— ਖਾਲਿਸਤਾਨੀਆਂ ਦੇ ਪਿਛਲਗ ਭਰਾ ਜੋ ਹੋਏ।
- ਨਿਕਾਰਗੁਆ ਲਈ 2000 ਟਨ ਭਾਰਤੀ ਕਣਕ — ਇੰ: ਕੈ: ਟਾ:
— ਜਾਪਦਾ ਤੇਰੀ ਖਬਰਾਂ ਬਣਾਉਣ ਵੇਲੇ ਘੁੱਟ ਲੱਗੀ ਹੋਵੇਗੀ ਨਹੀਂ ਤਾਂ ਭਾਰਤੀ ਕਣਕ ਦੀ ਥਾਂ "ਖਾਲਿਸਤਾਨੀ ਕਣਕ" ਲਿਖਣੀ ਸੀ।
- ਧਰਮ ਪਿਆਰਾ ਜਾਂ ਧੜਾ — ਇੰ: ਕੈ: ਟਾ:
— ਕਹਿ ਦਿਓ ਦੋਵੇਂ ਨਹੀਂ ਸਿਰਫ 'ਡਾਲਰ'।
- ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਾਂਗ ਇਥੇ ਦੁਰਗਿਆਨਾ ਮੰਦਰ ਕੰਪਲੈਕਸ ਹਿੰਦੂ ਅਤਿਵਾਦੀਆਂ ਦਾ ਗੜ੍ਹ ਬਣਦਾ ਜਾ ਰਿਹਾ ਹੈ।
— ਇਸਨੂੰ ਕਹਿੰਦੇ ਹਨ ਸੱਚ ਦਾ ਭੂਤ, ਜੋ ਸਿਰ ਚੜ੍ਹ ਕੇ ਬੋਲਦਾ ਹੈ, ਇੰਨੇ ਮੋੜ ਘੋੜ ਪਾ ਕੇ ਓੜਕ ਮੰਨ ਹੀ ਗਿਆ ਕਿ ਦਰਬਾਰ ਸਾਹਿਬ ਕੰਪਲੈਕਸ 'ਅਤਿਵਾਦੀਆਂ' ਦਾ ਗੜ੍ਹ ਹੈ।
- "ਸਾਰੇ ਮੱਤਭੇਦ ਬੈਠ ਕੇ ਹੱਲ ਕਰੋ"
— ਬੇਸ਼ੱਕ ਫੋਨ ਰਾਹੀਂ ਹੀ ਆਪਣੇ 'ਆਕਾ' ਦੀ ਝੋਲੀ ਚੁੱਕੋ!
- ਖਾਲਿਸਤਾਨ ਸਿੱਖਾਂ ਲਈ ਹਾਨੀਕਾਰਕ — ਬਰਨਾਲਾ
— ਪਰ ਖਾਲਿਸਤਾਨੀ ਅਖਬਾਰਾਂ ਲਈ ਸਿਓ ਦਾ ਮੁਰੱਬਾ!
- 'ਮੈਂ ਆਪਣੀ ਰਾਖੀ ਕਰਾਂ ਕਿ ਤੁਹਾਡੀ'
— ਤੂੰ ਤਾਂ ਉਂਝ ਹੀ ਜ਼ਰਕਦਾ ਬਾਹਰ ਨਹੀਂ ਨਿਕਲਦਾ
- ਭਾਰਤੀ ਜਨਤਾ ਪਾਰਟੀ ਹਿੰਦੂ ਕੱਟੜਵਾਦ ਦੀ ਭਾਲ ਵਿਚ
— "ਪੰਜਾਬੀ ਦਾ ਜਗਤ ਨਰਾਇਣ" ਐਡਾਂ ਦੇ ਚੱਕਰ ਵਿਚ।
- ਤੀਸਰੀ ਅੱਖ — — ਇਕ ਸੁਰਖੀ
— ਜੋ ਵੈਨਕੂਵਰ ਦੇ ਹੋਟਲ ਵਿਚ ਦਾਰੂ ਨਾਲ ਗੁਟ ਹੋ ਕੇ ਮਰਾਸਣ ਦੀ ਅੱਡੀ ਵਾਂਗ ਨੱਚਦੀ ਹੈ
- ਕੂੱਟਲ ਨੀਤੀ ਦਾ ਭਾਂਡਾ ਚੁਰਾਹੇ ਭੰਨ ਦਿਤਾ ......
— ਕੈਨੇਡਾ ਵਿਚ ਖਾਲਿਸਤਾਨੀ ਨਜ਼ਮਾਂ, ਅਮਰੀਕਨ ਰਸਾਲਿਆਂ ਵਿਚ ਸੈਕਸੀ ਕਹਾਣੀਆਂ, ਭਾਰਤ ਦੇ ਅਖਬਾਰਾਂ ਵਿਚ ਏਕਤਾ ਦੇ ਲੇਖ .....
- ਬੁਧੀਜੀਵੀਆਂ ਦਾ ਫਰਜ਼ —
— ਬੁੱਧੀਜੀਵੀ ਤਾਂ ਆਪਣਾ ਫਰਜ਼ ਪੂਰਾ ਕਰ ਰਹੇ ਹਨ ਪਰ ਹੋਟਲਾਂ ਵਿਚ ਮਸਤ 'ਬੁੱਧੂਜੀਵੀ' ਤੇ 'ਢੁਢੂਜੀਵੀ' ਕੀ ਕੜ੍ਹੀ ਘੋਲਦੇ ਹਨ?
- ਰੰਗਾ ਰੰਗ ਪ੍ਰੋਗਰਾਮ ........
— ਵਿਚ ਪੰਜ ਖੁਸਰੇ ਇਕ ਦੂਜੇ ਨੂੰ 'ਵਧਾਈਆਂ' ਦਿੰਦੇ ਰਹੇ।

# ਪਾਕਿਸਤਾਨ ਨਾਲ ਸਬੰਧ ਵਿਗੜਣ ਲੱਗੇ

ਨਵੀਂ ਦਿੱਲੀ — ਭਾਰਤ ਦੇ ਬਦੇਸ਼ ਸਕੱਤਰ ਇਥੇ ਪਾਕਿਸਤਾਨ ਦੇ ਰਾਜਦੂਤ ਡਾ: ਹੰਮਾਯੂ ਖਾਂ ਨੂੰ ਮਿਲੇ ਤੇ ਭਾਰਤ ਸਰਕਾਰ ਵਲੋਂ ਚਿਤਾਵਨੀ ਦਿਤੀ ਕਿ ਜੇ ਭਾਰਤੀ ਡਿਪਲੋਮੈਟਾਂ ਨੂੰ ਪਾਕਿਸਤਾਨ ਸੁਰੱਖਿਆ ਨਹੀਂ ਦੇ ਸਕਦਾ ਤਾਂ ਡਿਪਲੋਮੈਟ ਵਾਪਸ ਬੁਲਾ ਲਏ ਜਾਣਗੇ। ਬਦੇਸ਼ ਸਕੱਤਰ ਅੱਠ ਕੈਨੇਡੀਅਨ ਸਿੱਖਾਂ ਵੱਲੋਂ ਗੁਰਦੁਆਰਾ ਡੇਰਾ ਸਾਹਿਬ ਵਿਚ ਭਾਰਤੀ ਡਿਪਲੋਮੈਟਾਂ ਉਪਰ ਕਿਰਪਾਨਾਂ ਨਾਲ ਕੀਤੇ ਗਏ ਹਮਲੇ ਦੇ ਸਬੰਧ ਵਿਚ ਪਾਕਿਸਤਾਨੀ ਰਾਜਦੂਤ ਨੂੰ ਮਿਲੇ ਸਨ।

12 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ ਉਤੇ ਗਏ 1000 ਯਾਤਰੀਆਂ ਦੇ ਪ੍ਰਬੰਧਾਂ ਦੇ ਸਬੰਧ ਵਿਚ ਭਾਰਤੀ ਡਿਪਲੋਮੈਟ ਗੁਰਦੁਆਰਾ ਡੇਰਾ ਸਾਹਿਬ ਗਏ ਸਨ ਜਿਥੇ ਅੱਠ ਕੈਨੇਡੀਅਨ ਸਿੱਖਾਂ ਨੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ।

ਪਾਕਿਸਤਾਨੀ ਰਾਜਦੂਤ ਨੇ ਬਦੇਸ਼ ਸਕੱਤਰ ਨੂੰ ਦੱਸਿਆ ਕਿ ਉਹ ਪਾਕਿਸਤਾਨੀ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰ ਰਹੇ ਹਨ ਅਤੇ ਭਾਰਤ ਸਰਕਾਰ ਵਲੋਂ ਪ੍ਰਗਟਾਏ ਰੋਸ ਨੂੰ ਵੀ ਉਨ੍ਹਾਂ ਸਬੰਧਤ ਅਧਿਕਾਰੀਆਂ ਤੱਕ ਪੁਚਾ ਦਿਤਾ ਹੈ।

# 'ਜੁੜਵਾਂ ਸ਼ਹਿਰ' ਦੇ ਸੁਝਾਅ ਦਾ ਮੁਲਾਜ਼ਮਾਂ ਵੱਲੋਂ ਸੁਆਗਤ

ਚੰਡੀਗੜ੍ਹ — ਵੈਂਕਟਰਮਈਆ ਕਮਿਸ਼ਨ ਵਲੋਂ ਚੰਡੀਗੜ੍ਹ ਦੇ ਨੇੜੇ ਹਰਿਆਣੇ ਦੀ ਰਾਜਧਾਨੀ ਲਈ 'ਜੁੜਵਾਂ ਸ਼ਹਿਰ' ਬਣਾਉਣ ਦੇ ਸੁਝਾਅ ਨੂੰ ਪੰਜਾਬ, ਹਰਿਆਣਾ ਤੇ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਦੇ ਨਾਲ ਪਿਛਲੇ ਚਾਰ ਸਾਲਾਂ ਵਿਚ ਪੰਜਾਬ ਤੇ ਹਰਿਆਣਾ ਵਿਚ ਪੈਦਾ ਹੋਈ ਕੁੜਿੱਤਣ ਤੇ ਮਤਭੇਦ ਦੂਰ ਕੀਤੇ ਜਾ ਸਕਣਗੇ। ਕੇਂਦਰੀ ਸਰਕਾਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਹਰਿਆਣਾ ਨੂੰ ਚੰਡੀਗੜ੍ਹ ਬਦਲੇ ਪੰਜਾਬ ਦੇ ਹਿੰਦੀ ਬੋਲਦੇ ਪਿੰਡ ਦੇਣ ਦਾ ਨਿਰਣਾ ਕਰਨ ਲਈ ਵੈਂਕਟਰਮੀਆ ਕਮਿਸ਼ਨ ਕਾਇਮ ਕੀਤਾ ਸੀ। ਦੱਸਿਆ ਗਿਆ ਹੈ ਕਿ ਜਸਟਿਸ ਵੈਂਕਟਰਮਈਆ ਨੇ ਪੰਜਾਬ ਤੇ ਹਰਿਆਣਾ ਦੇ ਪ੍ਰਤੀਨਿਧਾਂ ਨੂੰ ਇਹ ਸੁਝਾਅ ਦਿਤਾ ਸੀ ਕਿ ਉਹ ਚੰਡੀਗੜ੍ਹ ਦੇ ਨੇੜੇ ਜੁੜਵਾਂ ਸ਼ਹਿਰ ਬਣਾਉਣ ਦਾ ਸਿਧਾਂਤ ਪ੍ਰਧਾਨ ਕਰ ਲੈਣ ਤਾਂ ਕਿ ਇਸ ਮਸਲੇ ਨੂੰ ਸੁਲਾਹ-ਸਫਾਈ ਨਾਲ ਹੱਲ ਕੀਤਾ ਜਾ ਸਕੇ। ਜੁੜਵੇਂ ਸ਼ਹਿਰ ਦੇ ਸਿਧਾਂਤ ਦਾ ਪੰਜਾਬ, ਹਰਿਆਣਾ ਸਰਕਾਰਾਂ ਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਯੂ. ਟੀ. ਕੇਡਰ ਦੀਆਂ ਕਰਮਚਾਰੀ ਜਥੇਬੰਦੀਆਂ ਨੇ ਸੁਆਗਤ ਕੀਤਾ ਹੈ ਤੇ ਉਨ੍ਹਾਂ ਨੇ ਹਰਿਆਣਾ ਦੇ ਮੁੱਖ ਮੰਤਰੀ ਚੌਧਰੀ ਬੰਸੀ ਲਾਲ ਨੂੰ ਅਪੀਲ ਕੀਤੀ ਕਿ ਉਹ ਮੁਲਾਜ਼ਮਾਂ ਦੇ ਹਿਤਾਂ ਤੇ ਕੌਮੀ ਹਿਤਾਂ ਨੂੰ ਮੁੱਖ ਰੱਖਦਿਆਂ ਇਹ ਸੁਝਾਅ ਪ੍ਰਵਾਨ ਕਰ ਲੈਣ ਤਾਂ ਕਿ ਕਰਮਚਾਰੀਆਂ ਦੇ ਪਰਿਵਾਰਾਂ ਦੀ ਉਥਲ-ਪੁਥਲ ਘੱਟ ਤੋਂ ਘੱਟ ਹੋਵੇ

ਹਰਿਆਣੇ ਦੇ ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਜੇਕਰ ਹਰਿਆਣੇ ਦੀ ਰਾਜਧਾਨੀ ਹਿਸਾਰ, ਭਿਵਾਨੀ ਜਾਂ ਜੀ. ਟੀ. ਸੜਕ ਤੋਂ ਦੂਰ ਬਣਾਈ ਤਾਂ ਉਸ ਦਾ ਵਿਕਾਸ ਚੰਡੀਗੜ੍ਹ ਨਾਲੋਂ ਦੂੱਗਣੇ ਸਮੇਂ ਵਿਚ ਹੋ ਸਕੇਗਾ। ਸ਼ਹਿਰ ਦੇ ਤੁਰੰਤ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਇਹ ਸ਼ਹਿਰ ਚੰਡੀਗੜ੍ਹ ਦੇ ਨੇੜੇ ਕਾਇਮ ਕੀਤਾ ਜਾਗੇ। ਹਰਿਆਣੇ ਦੇ ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਜੇਕਰ ਹਰਿਆਣਾ ਨੇ ਚੰਡੀਗੜ੍ਹ ਦੇ ਨੇੜੇ ਰਾਜਧਾਨੀ ਬਣਾਉਣ ਦਾ ਨਿਰਣਾ ਲੈ ਲਿਆ ਤਾਂ ਪੰਚਕੂਲਾ, ਕਾਲਕਾ, ਰਾਇਪੁਰ ਰਾਣੀ ਤੇ ਜ਼ਿਲਾ ਅੰਬਾਲਾ ਦੇ ਪਿੰਡਾਂ ਦੇ ਵਿਕਾਸ ਵੱਲ ਪੂਰਾ ਧਿਆਨ ਦਿਤਾ ਜਾ ਸਕੇਗਾ।

ਕੈਸਾ ਜਲਵਾ ਕਰਕੇ ਤੂਸਾਂ ਵਿਖਾ ਦਿੱਤਾ।
ਸੁੱਤਾ ਨਾਗ ਜ਼ਹਿਰੀਲਾ ਛੇੜ ਜਗਾ ਦਿੱਤਾ।

ਇਕ ਦੂਜੇ ਦੀ ਛਾਵੇਂ ਚਿਰ ਤੋਂ ਬਹਿੰਦੇ ਸੀ,
ਸਾਂਝਾਂ ਦਾ ਬਿਰਖ ਸਿਰੋਂ ਕਟਵਾ ਦਿੱਤਾ।

# ਗਰੀਨ ਹਾਊਸ ਪ੍ਰਭਾਵ ਵਾਤਾਵਰਣ ਦੂਸ਼ਿਤ ਕਰਦੇ ਹਨ

## ਮਨੁੱਖਤਾ ਲਈ ਖਤਰਾ — ਅਮਰੀਕੀ ਵਿਗਿਆਨੀ

ਵਾਸ਼ਿੰਗਟਨ — ਪਿਛਲੇ ਸਮੇਂ ਵਿਚ ਅਮਰੀਕੀ ਵਿਗਿਆਨੀਆਂ ਇਕ ਵਾਤਾਵਰਣ ਸਬੰਧੀ ਅਧਿਅਨ ਮੁਕੰਮਲ ਕੀਤਾ ਤੇ ਉਹ ਇਸ ਸਿੱਟੇ ਉਤੇ ਪੁੱਜੇ ਹਨ ਕਿ ਜੇ ਸਾਵਧਾਨੀਆਂ ਨਾ ਵਰਤੀਆਂ ਗਈਆਂ ਤਾਂ ਸੰਸਾਰ ਵਿਚ ਤਾਪਮਾਨ ਵਿਚ ਵਾਧਾ ਹੋਵੇਗਾ ਜੋ ਮਨੁੱਖਤਾ ਲਈ ਇਕ ਵੱਡਾ ਖਤਰਾ ਪੈਦਾ ਕਰੇਗਾ। ਧਰਤੀ ਦੇ ਹੌਲੀ ਹੌਲੀ ਗਰਮ ਹੋਣ ਨਾਲ ਹੜ੍ਹ, ਸੋਕਾ ਤੇ ਦੁਖ ਭਰੀਆਂ ਹਾਲਤਾਂ ਪੈਦਾ ਹੋ ਸਕਦੀਆਂ ਹਨ ਇਹ ਖਿਆਲ ਹਨ ਅਮਰੀਕੀ ਵਿਗਿਆਨੀ ਰਾਬਰਟ ਵਾਟਸਨ ਦੇ ਜੋ ਉਸਨੇ ਅਮਰੀਕੀ ਸੀਨੇਟ ਦੀ ਵਾਤਾਵਰਣ ਸਬੰਧੀ ਬਣੀ ਕਮੇਟੀ ਅੱਗੇ ਰੱਖੇ। ਸ਼ੇਰਵੁਡ ਰਾਅਲੈਂਡ ਜੋ ਯੂਨੀਵਰਸਿਟੀ ਆਫ ਕੈਲੇਫੋਰਨੀਆ ਦਾ ਕੈਮਿਸਟਰੀ ਦਾ ਪ੍ਰੋਫੈਸਰ ਹੈ ਦਾ ਕਹਿਣਾ ਹੈ ਕਿ "ਜੇ ਗਰੀਨ ਹਾਊਸ ਪ੍ਰਭਾਵ (ਭਾਵ ਗੈਸਾਂ ਦਾ ਵਰਤਣਾ) ਅੰਧਾਧੁੰਦ ਜਾਰੀ ਰਿਹਾ ਤਾਂ ਤਾਪਮਾਨ ਵਿਚ ਵਾਧਾ ਲਗਾਤਾਰ ਜਾਰੀ ਰਹੇਗਾ ਤਾਂ ਮਨੁੱਖ ਜੀਵਨ ਇਕ ਦਿਨ ਤਬਾਹ ਹੋ ਜਾਵੇਗਾ 500 ਤੋਂ 1000 ਸਾਲ ਦੇ ਵਿਚ ਵਿਚ।"

ਵਿਗਿਆਨੀਆਂ ਅਨੁਸਾਰ ਚਮੜੀ ਦਾ ਕੈਂਸਰ ਆਦਿ ਵੀ ਇਹਨਾਂ ਕਾਰਨਾਂ ਕਰਕੇ ਹੀ ਹੈ। ਵਿਗਿਆਨੀਆਂ ਨੇ ਹਵਾ ਮੰਡਲ ਨੂੰ ਹੋਰ ਦੂਸ਼ਿਤ ਹੋਣ ਤੋਂ ਬਚਾਉਣ ਲਈ ਉਪਰਾਲੇ ਕਰਨ ਦੀ ਸਲਾਹ ਦਿਤੀ।


A.M.C. Carpet Ltd.
12983-80th. Ave., Surrey, B.C
Carpet-Vinyl-Hardwood
All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੈਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ:
Phone for appointment

Off. 594-6141
Res. 594-7595
Pager 680-0214


AMARJIT SINGH CHAHAL

ਮ ਸਮੀਖਿਆ

# ਆਖਰੀ ਰਸਤਾ

ਸ. ਸ. ਸੰ.

"ਆਖਰੀ ਰਸਤਾ" ਦੇ 92 ਪ੍ਰਤੀਸ਼ਤ ਸੀਨਾਂ ਵਿਚ ਸਕਰੀਨ ਉਪਰ ਅਮਿਤਾਭ ਬਚਨ ਕਦੇ ਹਸਦਾ ਹੋਇਆ, ਕਦੇ ਰੋਂਦਾ, ਕਦੇ ਕਾਮੇਡੀ ਕਰਦਾ, ਕਦੇ ਨੱਚ ਕੇ ਗਾਣਾ ਗਾਉਂਦਾ ਤੇ ਕਦੇ ਲੰਮੀਆ ਬਾਹਾਂ ਨਾਲ ਗੁੰਡਿਆਂ ਨੂੰ ਚੁੱਕ ਚੁੱਕ ਕੇ ਸੁੱਟਦਾ ਹੋਇਆ ਦਿਖਾਈ ਦਿੰਦਾ ਹੈ। ਅਮਿਤਾਭ ਦੀ ਸਿਫਤ ਇਹ ਕਿ ਇਕੋ ਫਿਲਮ 'ਚ ਏਨਾ ਲੰਮਾ ਰੋਲ ਕਰਦਾ ਹੋਇਆ ਉਹ ਦਰਸ਼ਕ ਨੂੰ ਆਪਣੇ ਨਾਲ ਨਾਲ ਤੋਰਦਾ ਹੈ, ਕਿਧਰੇ ਵੀ ਅਕੇਵਾਂ ਪੈਦਾ ਨਹੀਂ ਹੋਣ ਦਿੰਦਾ। ਇਸ ਸਿਫਤ ਦਾ ਹਿਸੇਦਾਰ ਡਾਇਰੈਕਟਰ ਕੇ. ਭਾਰਗਯਰਾਜ ਵੀ ਹੈ ਜਿਸ ਨੇ ਸੰਘਣੀ ਪਟਕਥਾ ਲਿਖੀ ਹੈ ਤੇ ਕਹਾਣੀ ਵਿਚ ਵੀ ਢੇਰ ਸਾਰੇ ਨਾਟਕੀ ਮੋੜ ਭਰ ਕੇ, ਇਕ ਤੋਂ ਵੱਧ ਕਲਾਈਮੈਕਸ ਬਣਾ ਕੇ, ਸੂਝਬੂਝ ਨਾਲ ਨਿਭਾਏ ਹਨ।

ਅਮਿਤਾਭ ਬਚਨ ਦਾ ਇਸ ਫਿਲਮ ਵਿਚ ਉਸੇ ਕਿਸਮ ਦਾ ਰੋਲ ਹੈ ਜੋ ਉਸ ਨੇ "ਜ਼ੰਜੀਰ" ਤੋਂ ਸ਼ੁਰੂ ਕੀਤਾ ਸੀ (ਗੁਸੈਲ ਤੇ ਭਰੇ-ਪੀਤੇ ਨੌਜਵਾਨ ਦਾ)। ਇਥੇ ਉਹਨੇ ਦੂਹਰੀ ਭੂਮਿਕਾ ਨਿਭਾਈ ਹੈ ਪਿਓ ਤੇ ਪੁੱਤ ਦੀ। ਡੇਵਿਡ ਨਾਂ ਦਾ ਵਿਹਲਾ ਨੌਜਵਾਨ ਸਿਆਸਤਦਾਨ ਚਤੁਰਵੇਦੀ ਦਾ ਮੋਹਰਾ ਬਣ ਕੇ ਕੰਮ ਕਰ ਰਿਹਾ ਹੁੰਦਾ ਹੈ ਕਿ ਇਕ ਦਿਨ ਉਹ ਆਪਣੇ ਬੱਚੇ ਦਾ ਨਾਂ ਰਖਵਾਉਣ ਲਈ ਪਤਨੀ ਮੈਰੀ ਸਮੇਤ ਸਿਆਸਤਦਾਨ ਦੇ ਬੰਗਲੇ ਜਾਂਦਾ ਹੈ। ਡੇਵਿਡ ਦੀ ਖੂਬਸੂਰਤ ਪਤਨੀ ਜਯ ਪ੍ਰਦਾ 'ਤੇ ਸ਼ਿਆਸਤਦਾਨ (ਸਦਾਸ਼ਿਵ ਅਮਰਾਪੁਰਕਰ) ਦੀ ਨਜ਼ਰ ਅਟਕ ਜਾਂਦੀ ਹੈ। ਨਾਟਕੀ ਢੰਗ ਨਾਲ ਮੈਰੀ ਉਰਫ ਜਯ ਪ੍ਰਦਾ ਦਾ ਰੇਪ ਹੋ ਜਾਂਦਾ ਹੈ ਤੇ ਉਹ ਖੁਦਕਸ਼ੀ ਕਰ ਲੈਂਦੀ ਹੈ। ਡੇਵਿਡ ਬਦਲੇ ਦੀ ਭਾਵਨਾ ਵਿਚ ਸਿਆਸਤਦਾਨ ਚਤੁਰਵੇਦੀ ਤੇ ਉਸ ਨੂੰ ਕੇਸ 'ਚੋਂ ਬਚਾਉਣ ਵਾਲੇ ਪੁਲੀਸ ਅਫਸਰ ਦਲੀਪ ਤਾਹਿਲ ਅਤੇ ਡਾਕਟਰ ਭਰਤ ਕਪੂਰ, ਤਿੰਨਾਂ ਦਾ ਕਤਲ ਕਰਨ 'ਤੇ ਤੁਲ ਜਾਂਦਾ ਹੈ। ਸਾਰੀ ਫਿਲਮ 'ਚ ਡੇਵਿਡ ਨੂੰ ਤਿੰਨਾਂ ਕਤਲਾਂ ਵਿਚ ਰੁੱਝਿਆ ਦਿਖਾਇਆ ਹੈ। ਉਸ ਦਾ ਮੁੰਡਾ ਜੋ ਉਸ ਦੇ ਦੋਸਤ ਨੇ ਪਾਲ-ਪੋਸ ਕੇ ਵੱਡਾ ਕੀਤਾ, ਪੁਲੀਸ ਅਫਸਰ ਵਿਜੇ (ਅਮਿਤਾਭ ਡਬਲ ਰੋਲ 'ਚ) ਬਣ ਜਾਂਦਾ ਹੈ। ਇਉਂ ਅਗਾਂਹ ਜਾ ਕੇ ਪਿਓ ਅਤੇ ਪੁੱਤ ਦੀ ਸਦਾਚਾਰਕ, ਕਾਨੂੰਨੀ ਤੇ ਜਜ਼ਬਾਤੀ ਲੜਾਈ ਚਲਦੀ ਹੈ ਜੋ ਕਿ ਅੰਤਮ ਦ੍ਰਿਸ਼ ਤਕ ਦਰਸ਼ਕ ਲਈ ਉਤਸੁਕਤਾ ਬਣਾਈ ਰੱਖਦੀ ਹੈ।

ਭਾਵੇਂ ਡੇਵਿਡ ਦੇ ਇਨ੍ਹਾਂ ਕਤਲਾਂ ਦੀ ਕਹਾਣੀ ਤੋਂ ਦੀਪਕ ਬਾਹਰੀ ਦੀ "ਪੱਥਰ", ਚੋਪੜਾ ਕੈਂਪ ਦੀ "ਆਜ ਕੀ ਆਵਾਜ਼" ਅਤੇ ਸਭ ਤੋਂ ਵੱਧ ਕੇ ਅੰਗਰੇਜ਼ੀ ਫਿਲਮ "ਡੈਥ ਵਿਸ਼" ਚੇਤੇ ਆਉਂਦੀ ਹੈ, ਫਿਰ ਵੀ "ਆਖਰੀ ਰਾਸਤਾ" ਦੇ ਡਾਇਰੈਕਟਰ ਕੇ. ਭਾਗਯਰਾਜ ਪੁਰਾਣੀ ਕਹਾਣੀ ਨੂੰ ਸੱਜਰਾ ਨਿਭਾਅ ਦੇਣ 'ਚ ਸਫਲ ਹੈ ਤੇ ਫੋਟੋਗਰਾਫਰ ਗੋਪਾਲ ਰੈਡੀ ਵੀ ਆਪਣੀ ਮੌਲਿਕਤਾ ਦੀ ਛਾਪ ਛੱਡ ਗਿਆ ਹੈ।

ਅਨੂਪਮ ਖੇਰ ਨੇ ਹੈਰਾਨੀ ਦੀ ਹੱਦ ਤੱਕ ਸ਼ਾਨਦਾਰ ਕਾਮੇਡੀ ਕੀਤੀ ਹੈ। ਖੇਰ ਦੇ ਵਰਾਇਟੀ ਰੋਲਾਂ ਤੋਂ ਸਦਕੇ ਜਾਣ ਨੂੰ ਜੀਅ ਕਰਦਾ ਹੈ। ਸਦਾਸ਼ਿਵ ਅਮਰਾਪੁਰਕਰ "ਆਖਰੀ ਰਾਸਤਾ" ਵਿਚ ਉਸੇ ਤਰ੍ਹਾਂ ਆਪਣੇ ਕਿਰਦਾਰ 'ਚ ਖੁਭਿਆ ਹੈ ਜਿਸ ਤਰ੍ਹਾਂ "ਅਰਧ ਸੱਤਯ" ਵਿਚ ਸੀ। (ਵਿਨੀਤਾ) ਸਿਰੀ ਦੇਵੀ ਨੂੰ "ਆਖਰੀ ਰਾਸਤਾ" ਵਿਚ ਅਭਿਨੈ ਦਿਖਾਉਣ ਦੇ ਬਹੁਤ ਘੱਟ ਮੌਕੇ ਮਿਲੇ ਹਨ, ਤਦੇ ਉਹਦੇ ਮੁਕਾਬਲੇ ਜਯ ਪ੍ਰਦਾ ਵੱਧ ਪ੍ਰਭਾਵਤ ਕਰਦੀ ਹੈ। ਜਯ ਪ੍ਰਦਾ ਦਾ ਰੋਲ ਵੀ ਭਾਵੇਂ ਲੰਮਾ ਨਹੀਂ ਪਰ ਫਲੈਸ਼ਬੈਕ ਸੀਨਾਂ ਵਾਸਤੇ ਸਮੁੱਚੀ ਫਿਲਮ 'ਚ ਉਹਦੀ ਕੰਟੀਨਿਊਟੀ ਕਾਇਮ ਰਹਿੰਦੀ ਹੈ।

ਜੇ ਨੁਕਸਾਂ ਦੀ ਗੱਲ ਕਰੀਏ ਤੇ ਯਥਾਰਥ ਦੀ ਕਸਵੱਟੀ 'ਤੇ ਕਿੰਤੂ ਉਠਾਈਏ ਤਾਂ "ਆਖਰੀ ਰਾਸਤਾ" ਨੂੰ "ਫਜ਼ੂਲ ਫਿਲਮ" ਕਰਾਰ ਦਿੱਤਾ ਜਾ ਸਕਦਾ ਹੈ; ਡੇਵਿਡ ਕੋਲ ਏਨੇ ਆਧੁਨਿਕ ਹਥਿਆਰ ਕਿਥੋਂ ਆਏ? ਚੀਕਾਂ ਮਾਰਦੀ ਪ੍ਰਦਾ ਜਦੋਂ ਬੰਗਲੇ ਤੋਂ ਬਾਹਰ ਆਈ ਤਾਂ ਆਸੇ-ਪਾਸੇ ਕਿਸੇ ਨੂੰ ਵੀ ਚੀਕ ਸੁਣਾਈ ਨਾ ਦਿੱਤੀ? ਅਮਿਤਾਭ ਦੇ ਡਬਲ ਰੋਲ 'ਚ ਪਿਓ ਪੁੱਤ ਦੇ ਚਿਹਰਿਆਂ ਨੂੰ ਕਿਸੇ ਵੀ ਸੀਨ ਵਿਚ ਸਾਹਮਣੇ ਪਾਸਿਓਂ ਇਕੱਠਿਆ ਕਿਉਂ ਨਹੀਂ ਦਿਖਾਇਆ? ਸੀ. ਆਈ. ਡੀ. ਵਾਲਾ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਰੁੱਧ ਕਿਵੇਂ ਕਾਰਵਾਈ ਕਰ ਸਕਦਾ ਹੈ? ਅਮਿਤਾਭ ਦਾ ਮੋਟਰ ਸਾਈਕਲ ਕਾਹਦਾ, ਬੱਸ ਮਿਰਜ਼ੇ ਦੀ ਬੱਕੀ ਵਾਂਗ ਦੌੜਦਾ ਨਹੀਂ ਸਗੋਂ ਉਡਦਾ ਹੀ ਦਿਖਾਈ ਦਿੰਦਾ ਹੈ।

ਪਰ ਫਿਲਮ-ਵਿਧਾਨ ਅੱਗੇ ਤੇ ਫਿਲਮੀ ਸੱਚ ਦੇ ਸਾਹਮਣੇ ਉਕਤ ਕਿੰਤੂਆਂ ਦੀ ਕੋਈ ਅਹਿਮੀਅਤ ਹੀ ਨਹੀਂ ਰਹਿੰਦੀ ਕਿਉਂਕਿ "ਆਖਰੀ ਰਾਸਤਾ" ਸੁਪਰ-ਸਟਾਰ ਅਮਿਤਾਭ ਬਚਨ ਦੀ ਫਿਲਮ ਹੈ ਜਿਸ ਦੀ ਸਟਾਰਡੰਮ ਅੱਗੇ ਤਰਕ ਦੇ ਪੈਰ ਲਗਣੇ ਹਾਲ ਦੀ ਘੜੀ ਮੁਸ਼ਕਲ ਹਨ। ਹਾਂ, ਤੇ ਫਿਰ ਇਹੋ ਕਿਹਾ ਜਾ ਸਕਦਾ ਹੈ ਕਿ ਮੰਨੋਰੰਜਨ ਭਰਪੂਰ ਐਕਸ਼ਨ ਤੇ ਜਜ਼ਬਾਤੀ ਫਿਲਮ ਵਿਚ ਵੱਧ ਤੋਂ ਵੱਧ ਜਿੰਨਾ ਮਸਾਲਾ ਭਰਿਆ ਜਾ ਸਕਦਾ ਹੈ, "ਆਖਰੀ ਰਾਸਤਾ" ਵਿਚ ਉਹ "ਸਭ ਕੁਝ" ਹੈ।

## ਦੁੰਮ ਛੱਲਾ

ਸੰਸਦ ਮੈਂਬਰ ਅਮਿਤਾਭ ਦੀ ਇਸ ਫਿਲਮ "ਆਖਰੀ ਰਾਸਤਾ" ਵਿਚ ਜਦੋਂ ਇਕ ਥਾਂ ਬੋਸ ਤੋਂ ਇਲਾਵਾ ਜਵਾਹਰ ਲਾਲ ਨਹਿਰੂ ਅਤੇ ਇੰਦਰਾ ਗਾਂਧੀ ਨੂੰ ਭਾਸ਼ਨ ਕਰਦਿਆਂ ਦਿਖਾਇਆ ਤਾਂ ਕਿਸੇ ਮਨਚਲੇ ਨੇ ਸਿਨਮੇ ਹਾਲ 'ਚੋਂ ਆਵਾਜ਼ਾ ਕਸਿਆ, "ਫਿਲਮ ਦਾ ਟੈਕਸ ... ਮਾਫ ਕਿਉਂ ਨਹੀਂ ਕੀਤਾ!"


39th Anniversary Sale

THURSDAY 10-9 FRIDAY 10-9 SATURDAY 10-6 SUNDAY 12-5

Colonial 3 Pc. full size living room suite. — 100% Nylon fabric —



Lifetime Warranty on frame. — Sofa, Love Seat and Rockor

Guarnteed Low Low Prices in B.C.

$879.95

ROYAL FURNITURE LTD.

LOWEST PRICES GUARANTEED

VISA

2607 MAIN STREET (at 10th. AVE.), VANCOUVER, B.C.

TEL. 874-9525

MasterCard

MASTER CARD VISA ACCEPTED



Chevron

Fine Automotive Ltd.

15220-56th. Ave., Surrey, B.C. V3S 4N7

Automotive Repairs & Services

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy call

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding

Sarjit Hunjan Ph. 576-2014

Jolly Sanjose Service Manager



ਮੈਟਰੀਮੋਨੀਅਲ

ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ:

A S C
C/0 Canada Darpan
Box 67344 Stn. 0
Vancouver, B.C. V5W 3T1

# Ambika Foods

## 5125 Victoria Dr

## Ph. 32

# Sale Starts June

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>only 3 litre<br>$2.87 | Mazzola Corn Oil<br>ਮਜ਼ੋਲਾ ਮੱਕੀ ਦਾ ਤੇਲ<br>only 3 litre<br>$5.89 | Vegetable Oil<br>ਵੈਜੀਟੇਬਲ ਤੇਲ<br>only 16 litre<br>$12.99 pail | Sun Flower Oil<br>ਸਨ ਫਲਾਵਰ ਆਇਲ<br>only 16 litre<br>$19.99 pail | Sun Flower Oil<br>ਸਨ ਫਲਾਵਰ ਆਇਲ<br>only 3 litre<br>$3.99 |
| Colonial Halal Mutton<br>ਹਲਾਲ ਮਟਨ<br>only<br>$1.29 can | Koki Corned Mutton<br>ਕੋਕੀ ਕੌਰਨਡ ਮਟਨ<br>only<br>$1.29 can | Salisbury Corned Mutton<br>ਸੇਲਜ਼ਬਰੀ ਕੌਰਨਡ ਮਟਨ<br>only<br>$1.29 can | Lamb Chops<br>ਲੈਂਬ ਚੌਪ<br>only<br>$1.29 lb. | Chicken Drumstick<br>ਚਿਕਨ ਡਰੰਮਸਟਿਕ<br>99¢ |
| Punjabi Tinda<br>ਪੰਜਾਬੀ ਟੀਂਡਾ<br>79¢ tin | Karela<br>ਕਰੇਲਾ<br>69¢ tin | Rooh Afza<br>Hamdard<br>ਰੂਹ ਅਫਜ਼ਾ<br>$2.99 bottle | Curried Patra<br>ਪਾਤਰਾ<br>99¢ tin | Jimikand (Yam)<br>ਜ਼ਿਮੀਕੰਦ<br>89¢ tin |

### GRIND YOUR OWN MASALA

| | | | | |
|---|---|---|---|---|
| Jeera<br>ਜ਼ੀਰਾ<br>98¢ lb. | Dhania<br>ਧਨੀਆ<br>89¢ lb. | Methe<br>ਮੇਥੇ<br>59¢ lb. | Ginger Powder<br>ਸੁੰਢ<br>99¢ lb. | Haldi<br>ਹਲਦੀ<br>89¢ lb. |

### DAL

| | | | | |
|---|---|---|---|---|
| Urad Manh<br>ਮਾਂਹ<br>29¢ lb. | Moong<br>ਮੂੰਗੀ<br>29¢ lb. | Chana Dal<br>ਛੋਲਿਆਂ ਦੀ ਦਾਲ<br>37¢ lb. | Australian Moth<br>ਮੋਠ<br>37¢ lb. | Moong Split Dal<br>ਦਲਵੀਂ ਮੂੰਗੀ<br>37¢ lb. |

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance Ph. 327-0295

# Anniversary Sale

## Vancouver, B.C.

## 7-0295

## 15 - July 10, 1986

| | | | | |
|---|---|---|---|---|
| Farine Roti Atta<br>10 kg.<br>ਫਰੀਨ ਰੋਟੀ ਆਟਾ<br>only<br>$4.89 | Chana Flour (Besan)<br>ਬੇਸਣ<br>only 2 kg.<br>$2.39 | Pea Flour<br>ਮਟਰਾਂ ਦਾ ਆਟਾ<br>2 kg.<br>$1.49 | Corn Flour<br>ਮੱਕੀ ਦਾ ਆਟਾ<br>2 kg.<br>$1.49 | Tin Macken<br>ਟੀਨ ਮੈਕਨ<br>each<br>89¢ |
| Chicken Legs (Whole)<br>ਮੁਰਗੇ ਦੀਆਂ ਲੱਤਾਂ<br>$1.19 lb. | Goat Meat<br>ਬੱਕਰੇ ਦਾ ਮੀਟ<br>$1.99 lb. | Pacific Tin Milk<br>ਪੈਸੀਫਿਕ ਦੁੱਧ<br>68¢ each | Pachranga Achar<br>ਪਚਰੰਗਾ ਆਚਾਰ<br>99¢ tin | Shona Saag<br>ਸ਼ੋਹਣਾ ਸਾਗ<br>89¢ tin |
| Peanut<br>ਪੀਨਟ<br>69¢ lb. | Chivret Pawa<br>ਪਾਵਾ<br>69¢ lb. | Mamra Fulian<br>ਮਮਰਾ<br>99¢ lb. | Dhandal<br>ਡੰਡਲ<br>99¢ lb. | Khaskhas<br>ਖਸਖਸ<br>$1.99 lb. |
| Mirch<br>ਮਿਰਚ<br>99¢ lb. | Margrine<br>ਮਾਰਜਰੀਨ<br>49¢ lb. | Butter Milk<br>ਲੱਸੀ<br>99¢ litre | Milk<br>ਦੁੱਧ<br>4 litre<br>$3.39 | Long Grain Rice<br>ਲੌਂਗ ਗਰੇਨ ਚਾਵਲ<br>20 kg.<br>$9.89 |
| Manh Split Dal<br>ਦਲਵੇਂ ਮਾਂਹ<br>37¢ lb. | Sugar Best Price in Town<br>ਖੰਡ ਸਭ ਤੋਂ ਸਸਤੀ ਕੀਮਤ 'ਤੇ | | | Basmati Rice<br>ਬਾਸਮਤੀ ਚਾਵਲ<br>79¢ lb. |

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :— ਫੋਨ : 327-0295

ਪੰਨਾ 17 ਦੀ ਬਾਕੀ

18ਵੀਂ ਸਦੀ ਦਾ ਸਮਾਂ ਸਿੱਖਾਂ ਲਈ ਬਹੁਤ ਹੀ ਕਸ਼ਟ ਦਾ ਸਮਾਂ ਸੀ। ਦੇਸ਼ ਦਾ ਪੱਤਾ ਪੱਤਾ ਸਿੱਖਾਂ ਦਾ ਦੁਸ਼ਮਣ ਸੀ। ਐਸੇ ਔਖੇ ਸਮੇਂ ਜਿੰਨ੍ਹਾਂ ਸਿਦਕੀ ਸਿੱਖਾਂ, ਨਿਰਮਲੇ ਮੱਤ ਦੇ ਸਾਧੂ ਸੰਤਾਂ ਅਤੇ ਸਹਿਜਧਾਰੀ ਸਿੱਖਾਂ ਨੇ ਆਪਣੇ ਜੀਵਨ ਦੀਆਂ ਕੁਰਬਾਨੀਆਂ ਦੇ ਦੇ ਕੇ ਗੁਰਦੁਆਰਿਆਂ ਵਿਚ ਜੋਤਾਂ ਜਗਾਈ ਰਖੀਆਂ ਉਹ ਸਦਾ ਹੀ ਸਿੱਖ ਇਤਿਹਾਸ ਵਿਚ ਅਮਰ ਰਹਿਣਗੇ। ਬਾਰਾਂ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਗੁਰਦੁਆਰਿਆਂ ਦੀਆਂ ਇਮਾਰਤਾਂ ਦੀਆਂ ਉਸਾਰੀਆਂ ਹੋਈਆਂ, ਇਤਿਹਾਸਕ ਯਾਦਾਂ ਬਣੀਆਂ। ਪਰ ਪ੍ਰਬੰਧਕ ਤੌਰ ਉਪਰ ਅਣਜਾਣੇ ਵਿਚ ਹੀ ਮੁਸਲਮਾਨਾਂ ਦੀ ਵਿਰੋਧਤਾ ਕਰਕੇ ਹਿੰਦੂਆਂ ਵਾਲੇ ਤੌਰ ਤਰੀਕੇ ਗੁਰਦੁਆਰਿਆਂ ਵਿਚ ਲਾਗੂ ਹੋ ਗਏ। ਪੁਜਾਰੀਆਂ ਅਤੇ ਮਹੰਤਾਂ ਨੇ ਬਾਹਮਣਾਂ ਅਤੇ ਕਾਜ਼ੀਆਂ ਦੀ ਥਾਂ ਲੈ ਲਈ। ਰਸਮੋ ਰਿਵਾਜਾਂ ਅਤੇ ਜਾਤਾਂ ਪਾਤਾਂ ਦੀਆਂ ਸਾਰੀਆਂ ਬਿਮਾਰੀਆਂ ਸਿੱਖ ਧਰਮ ਦੇ ਗੁਰਦੁਆਰਿਆਂ ਵਿਚ ਆ ਗਈਆਂ, ਜਿੰਨ੍ਹਾਂ ਦਾ ਸਿੱਖ ਗੁਰੂਆਂ ਵਲੋਂ ਖੰਡਨ ਕੀਤਾ ਗਿਆ ਸੀ। ਮੂਰਤਾਂ ਅਤੇ ਬੁੱਤਾਂ ਦੀ ਪੂਜਾ ਨੇ ਸ਼ਬਦ ਗੁਰੂ ਦੀ ਅਰਾਧਨਾ ਦੀ ਥਾਂ ਲੈ ਲਈ।

19ਵੀਂ ਸਦੀ ਦੇ ਅਖੀਰ ਵਿਚ ਆਰੀਆ ਸਮਾਜੀ ਲਹਿਰ ਨੇ ਤਾਂ ਸਿੱਖੀ ਨੂੰ ਬਹੁਤ ਹੀ ਢਾਹ ਲਾਈ। ਇਸੇ ਸਮੇਂ ਹੀ ਸਿਆਣੇ ਦੂਰ ਅੰਦੇਸ਼ ਗੁਰਸਿੱਖਾਂ ਨੇ ਸਿੰਘ ਸਭਾ ਲਹਿਰ ਚਲਾਈ, ਖਾਲਸਾ ਸਕੂਲ ਅਤੇ ਖਾਲਸਾ ਕਾਲਜ ਸ਼ੁਰੂ ਕੀਤੇ। ਘਰ ਘਰ ਜਾ ਕੇ ਗੁਰਮਤਿ ਦਾ ਪ੍ਰਚਾਰ ਕੀਤਾ। ਜਿਸਦੇ ਸਿੱਟੇ ਵਜੋਂ 40-50 ਸਾਲ ਦੀ ਸਖਤ ਮੇਹਨਤ ਪਿਛੋਂ ਗੁਰਦੁਆਰਾ ਸੁਧਾਰ ਲਹਿਰ ਚਲੀ। ਜਿਸ ਨੇ ਗੁਰਦੁਆਰਿਆਂ ਵਿਚੋਂ ਮਹੰਤਾਂ ਅਤੇ ਪੁਜਾਰੀਆਂ ਨੂੰ ਬਾਹਰ ਕੱਢ ਦਿਤਾ। ਇਹ ਸਮਾਂ 1917 ਤੋਂ ਲੈ ਕੇ 1924 ਦਾ ਸੀ ਇਸੇ ਸਮੇਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੋਂਦ ਵਿਚ ਆਏ। ਹੁਣ ਸਵਾਲ ਸੀ ਕਿ ਗੁਰਦੁਆਰਾ ਪ੍ਰਬੰਧਕ ਪ੍ਰਣਾਲੀ ਕਿਸ ਤਰ੍ਹਾਂ ਦੀ ਹੋਵੇ।

ਇਤਿਹਾਸ ਤੋਂ ਸਭ ਜਾਣੂ ਹਨ ਕਿ ਕੀ ਕੀ ਕੁਰਬਾਨੀਆਂ ਸਿੱਖਾਂ ਨੂੰ ਗੁਰਦੁਆਰੇ ਆਜ਼ਾਦ ਕਰਵਾਉਣ ਖਾਤਰ ਕਰਨੀਆਂ ਪਈਆਂ। ਅੰਗਰੇਜ਼ਾਂ ਦਾ ਰਾਜ ਸੀ, ਪਾਰਲੀਮੈਂਟਰੀ ਡੈਮੋਕਰੇਸੀ ਦਾ ਪ੍ਰਚਾਰ ਸੀ। ਜਿਸ ਦਾ ਅਸਰ ਇਹ ਹੋਇਆ ਕਿ 1924-25 ਵਿਚ ਸਿੱਖਾਂ ਨੇ ਆਪਦੇ ਧਰਮ ਅਸਥਾਨਾਂ ਦਾ ਪ੍ਰਬੰਧ ਬਹੁਮੱਤ ਦੀਆਂ ਵੋਟਾਂ ਉਪਰ ਛਡ ਦਿਤਾ। ਕੁਆਲਟੀ ਦੀ ਬਜਾਏ ਜ਼ਿਆਦਾ ਅਧਿਕਾਰੀ ਕੁਆਂਟਟੀ ਨੂੰ ਦੇ ਦਿਤਾ ਗਿਆ। ਕੁਰਬਾਨੀਆਂ ਕਰਨ ਵਾਲੇ ਕੁਆਲਿਟੀ ਦੇ ਥੋੜੇ ਪਰ ਅਸੂਲ ਦੇ ਪੱਕੇ ਧਰਮੀ ਪੁਰਸ਼ਾਂ ਦੀ ਗਿਣਤੀ ਹਮੇਸ਼ਾਂ ਘੱਟ ਹੀ ਹੁੰਦੀ ਹੈ।

"ਮੁਖਹੁ ਹਰਿ ਹਰਿ ਸਭੁ ਕੋ ਕਰੈ ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ ਮੋਖ ਮੁਕਤਿ ਤਿਨ ਪਾਇਆ ॥" ....

"ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥" ......

"ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥" ....

ਸਿੱਖ ਗੁਰੂ ਸਾਹਿਬਾਨਾਂ ਜੀ ਦੇ ਉਪਦੇਸ਼ ਮੰਨਣ ਦੀ ਬਜਾਏ, ਸਿੱਖ ਧਰਮ ਦੇ ਅਟੱਲ ਸਚਾਈ ਦੇ ਅਸੂਲਾਂ ਨੂੰ ਮੰਨਣ ਦੀ ਬਜਾਏ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਮੰਨਣ ਦੀ ਬਜਾਏ, "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ, ਹਰਿ ਕਰਤਾ ਆਪ ਮੁਹੁ ਕਢਾਏ ॥" ਨੂੰ ਮੰਨਣ ਦੀ ਬਜਾਏ ਅਸੀਂ ਇਸ ਤੋਂ ਬਿਲਕੁਲ ਉਲਟ ਰਸਤਾ ਫੜ ਲਿਆ ਹੈ। ਅਸੂਲ ਦੀ ਬਜਾਏ ਸਹੂਲਤ ਨੇ ਥਾਂ ਲੈ ਲਈ। ਗੁਰੂ ਸਾਹਿਬਾਨਾਂ ਜੀ ਦੇ ਉਪਦੇਸ਼ਾਂ ਅਤੇ ਗੁਰਬਾਣੀ ਦੇ ਆਸ਼ੇ ਤੋਂ ਬਿਲਕੁਲ ਉਲਟ ਰੂਹ ਰੀਤੀਆਂ ਬਣਾ ਲਈਆਂ, ਕਾਨੂੰਨ ਘੜਨੇ ਸ਼ੁਰੂ ਕਰ ਦਿੱਤੇ। ਜੇਕਰ ਕਿਤੇ ਕੋਈ ਸੱਚ ਦੇ ਅਸੂਲ ਦੀ ਗੱਲ ਲਈ ਖੜਿਆ ਤਾਂ ਉਸ ਨੂੰ ਵੋਟਾਂ ਦੇ ਜ਼ੋਰ ਨਾਲ ਪਛਾੜ ਦਿਤਾ ਗਿਆ। ਧੜੇ ਬਣਾਏ ਗਏ, ਖਿਚੋਤਾਣ ਵਧਦੀ ਗਈ। ਸਿੱਖੀ ਦੇ ਪ੍ਰਚਾਰ ਦੇ ਅਸਲੀ ਆਸ਼ੇ ਤੋਂ ਹਟ ਕੇ ਚੌਧਰਬਾਜ਼ੀ ਨੇ ਥਾਂ ਲੈ ਲਈ। ਜਿਸ ਲਈ ਕੁਆਂਟਟੀ ਇਕੱਠੀ ਕਰਨੀ ਜ਼ਰੂਰੀ ਹੁੰਦੀ ਹੈ। ਫਲ ਸਰੂਪ ਅਜ ਹਾਲਤ ਸਾਹਮਣੇ ਹਨ ਕਿ ਕੁਆਲਿਟੀ ਲਈ ਕੋਈ ਥਾਂ ਨਹੀਂ, ਕੁਆਂਟਟੀ ਦੇ ਜ਼ੋਰ ਨਾਲ ਹਰ ਧਰਮ ਵਿਰੋਧੀ ਕੰਮ ਧਰਮ ਦੇ ਨਾਮ ਉਪਰ ਕੀਤਾ ਅਤੇ ਕਰਵਾਇਆ ਜਾ ਰਿਹਾ ਹੈ।



ਅਜ ਦੇ ਇਹ ਹਾਲਤ ਕਰਨ ਵਿਚ ਜ਼ੁੰਮੇਂਵਾਰੀ ਸਿੱਖਾਂ ਦੀ ਹੀ ਹੈ। ਜੋ ਆਪਣੇ ਗੁਰੂ ਦੇ ਉਪਦੇਸ਼ਾਂ ਨੂੰ ਹੀ ਨਹੀਂ ਸਮਝ ਸਕੇ। ਸਿੱਖ ਧਰਮ ਵਿਚ ਬਾਹਰੀ ਦਖਲ ਨੂੰ ਪ੍ਰਵਾਨ ਕਰਨਾ ਸਭ ਤੋਂ ਵੱਡੀ ਗਲਤੀ ਸੀ। ਸਿੱਖੀ ਦੇ ਦੁਸ਼ਮਣਾਂ ਐਸੇ ਐਸੇ ਤਰੀਕੇ ਵਰਤੇ ਕਿ ਅਜ ਅਸੀਂ ਉਹ ਕੰਮ ਕਰ ਰਹੇ ਹਾਂ ਜਿੰਨ੍ਹਾਂ ਤੋਂ ਗੁਰੂ ਸਾਹਿਬਾਨਾਂ ਨੇ ਸਾਨੂੰ ਵਰਜ਼ਿਆ ਸੀ, ਜਿਵੇਂ ਕਿ :— ਗੁਰੂ ਸਾਹਿਬਾਨਾਂ ਨੇ ਸਾਨੂੰ ਜਾਤਾਂ ਪਾਤਾਂ ਤੋਂ ਉਪਰ ਚੁੱਕ ਕੇ ਇਕ ਕੀਤਾ

"ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥" ....
"ਏਕੁ ਪਿਤਾ, ਏਕਸ ਕੇ ਹਮ ਬਾਰਿਕ, ਤੂ ਮੇਰਾ ਗੁਰ ਹਾਈ ॥" .....
"ਏਕ ਨੂਰ ਤੇ ਸਭੁ ਜਗੁ ਉਪਜਿਆ, ਕਉਨ ਭਲੇ ਕੋ ਮੰਦੇ।" .....

ਪਰ ਅਸੀਂ ਪ੍ਰਬੰਧਕ ਕਮੇਟੀਆਂ ਵਿਚ ਜਾਤਾਂ ਪਾਤਾਂ ਦੇ ਨਾਮ ਉਪਰ ਸੀਟਾਂ ਰੀਜ਼ਰਵ ਕਰ ਦਿਤੀਆਂ ਅਤੇ ਜਾਤਾਂ ਦੇ ਨਾਮ ਉਪਰ ਗੁਰਦੁਆਰੇ ਬਣਾਉਂਦੇ ਹਾਂ ਮੂਰਤੀ ਅਤੇ ਬੁਤ ਪੂਜਾ ਤੋਂ ਹਟਾਇਆ ਅਸੀਂ ਗੁਰੂ ਸਾਹਿਬਾਨਾਂ ਦੀਆਂ ਮੂਰਤਾਂ ਬਣਾ ਕੇ ਵੰਡੀਆਂ। ਦੇਹਧਾਰੀ ਗੁਰੂਆਂ ਦੇ ਪੈਰਾਂ ਉਪਰ ਸਿਰ ਝੁਕਾਉਂਦੇ ਹਾਂ। ਮੁਰਦਾਰ ਆਪ ਖਾਂਦੇ ਹਾਂ ਅਤੇ ਗੁਰੂ ਘਰਾਂ ਵਿਚ ਪ੍ਰਚਾਰਦੇ ਹਾਂ ਕਿ ਮੁਰਦਾਰ ਖਾਵੋ ਧਰਮ ਦੇ ਨਾਮ ਉਪਰ। ਦਿਨ ਦਿਹਾਰ ਮੰਨਣ ਅਤੇ ਮਨਾਉਣ ਦਾ ਪਰਚਾਰ ਕਰਦੇ ਅਤੇ ਕਰਾਉਂਦੇ ਹਾਂ। ਧਾਗੇ, ਤੀਬਤ, ਟੂਣੇ ਟਾਮਣ ਗੁਰਦੁਆਰਿਆਂ ਵਿਚ ਬੈਠ ਕੇ ਕਰਦੇ ਅਤੇ ਕਰਾਉਂਦੇ ਹਾਂ। ਵਰਜਿਆ ਸੀ ਸਾਨੂੰ ਨਸ਼ਿਆਂ ਦੇ ਸੇਵਨ ਤੋਂ ਅਸੀਂ ਗੁਰਦੁਆਰਿਆਂ ਦੇ ਫੰਡਾਂ ਵਿਚੋਂ ਹੀ ਨਸ਼ੇ ਪੀਂਦੇ ਅਤੇ ਵਰਤਾਉਂਦੇ ਹਾਂ। ਹੁਕਮ ਸੀ ਸਾਨੂੰ

"ਏਕਾ ਨਾਰੀ ਜਤੀ ਹੋਇ, ਪਰਨਾਰੀ ਧੀ ਭੈਣ ਵਖਾਣੈ ॥"

ਪਰ ਇਕ ਨਾਰੀ ਦੇ ਹੁੰਦੇ ਹੋਏ ਬਗਾਨੀਆਂ ਔਰਤਾਂ ਘਰੇ ਰਖਦੇ ਹਾਂ ਅਤੇ ਬਣਦੇ ਹਾਂ ਸਿੱਖ ਧਰਮ ਦੇ ਠੇਕੇਦਾਰ। ਇਕ ਪਾਸੇ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਅੰਮ੍ਰਿਤਪ੍ਰਚਾਰ ਦੀ ਸੇਵਾ ਕਰਦੇ ਹਾਂ ਅਤੇ ਉਸੇ ਸਮੇਂ ਹੀ ਇਸ਼ਕ ਕਰਕੇ ਇਖਲਾਕ ਤੋਂ ਗਿਰੀਆਂ ਕਰਤੂਤਾਂ ਕਰਦੇ ਫਿਰਦੇ ਹਾਂ। 1925 ਤੋਂ 1986 ਤੱਕ ਦੇ 61 ਸਾਲਾਂ ਵਿਚ ਪ੍ਰਬੰਧਕ ਢਾਂਚੇ ਦੀ ਕ੍ਰਿਪਾ ਨੇ ਸਤਿਕਾਰਯੋਗ ਪ੍ਰਚਾਰਕ ਪ੍ਰਣਾਲੀ ਨੂੰ ਨੌਕਰੀ ਅਤੇ ਖੁਸ਼ਾਮਤੀ ਬਣਾ ਕੇ ਰਖ ਦਿੱਤਾ। ਧਰਮ ਦੇ ਅਸੂਲਾਂ ਦੀ ਸਿਖਿਆ ਦੇਣ ਦੀ ਬਜਾਏ ਧੜਿਆਂ ਦੇ ਪ੍ਰਚਾਰ ਉਪਰ ਸਾਰਾ ਅਮਲਾ ਫੈਲਾ ਕੰਮ ਕਰ ਰਿਹਾ ਹੈ। ਇਥੋਂ ਤੱਕ ਕਿ ਬਰਾਬਰਤਾ ਦਾ ਉਪਦੇਸ਼ ਦੇਣ ਵਾਲੇ ਸਿੱਖ ਧਰਮ ਵਿਚ ਹੀ ਸਿੰਘਾਂ ਅਤੇ ਸਿੰਘਣੀਆਂ ਦੀਆਂ ਅਲੱਗ ਅਲੱਗ ਰਹਿਤਾਂ ਬਣਾ ਦਿਤੀਆਂ। ਅਜ ਵੀ ਕਈ ਡੇਰਿਆਂ ਵਿਚ ਬੀਬੀਆਂ ਨੂੰ ਕਿਰਪਾਨ ਦਾ ਅੰਮ੍ਰਿਤ ਅਤੇ ਆਦਮੀਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਜਾਂਦਾ ਹੈ।

"ਜਿਨਿ ਆਤਮ ਤਤੁ ਨ ਚੀਨਿਆ ॥ ਸਭ ਫੋਕਟ ਧਰਮ ਅਬੀਨਿਆ ॥"

ਗੁਰੂ ਸਾਹਿਬਾਨਾਂ ਨੇ ਸਿੱਖ ਕੌਮ ਭਰਮਾਂ, ਭੇਦਾਂ ਤੋਂ ਉਪਰ ਚੁਕ ਕੇ ਸਾਂਝੀਵਾਲਤਾ ਦੀ ਮਨੁੱਖਤਾ ਦੀ ਅਗਵਾਈ ਲਈ ਇਕ ਅਕਾਲ ਪੁਰਖ ਉਪਰ ਵਿਸ਼ਵਾਸ਼ ਕਰਨ ਵਾਲੀ ਸੰਤ ਸਿਪਾਹੀਆਂ ਦੀ ਕੌਮ ਤਿਆਰ ਕੀਤੀ ਸੀ :-

"ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖਾਲਸ ਜਾਨੈ ॥"

ਅੱਜ ਅਸੀਂ ਦੇਖਣਾ ਹੈ ਕਿ ਕੀ ਸਿੱਖਾਂ ਦੇ ਪ੍ਰਚਾਰ ਦੇ ਸੋਮੇ ਗੁਰਦੁਆਰਾ ਸਾਹਿਬਾਨਾਂ ਵਿਚ ਗੁਰੂ ਸਾਹਿਬਾਨਾਂ ਦੇ ਉਪਦੇਸ਼ਾਂ ਅਨੁਸਾਰ ਸਿੱਖੀ ਦਾ ਪ੍ਰਚਾਰ ਹੋ ਰਿਹਾ ਹੈ ਕਿ ਨਹੀਂ? ਜੀ ਨਹੀਂ। ਅਸਲੂਲਾਂ ਦੀ ਥਾਂ ਸਹੂਲਤ ਨੇ ਲੈ ਲਈ ਹੈ। ਥੋਥੇ ਨਵੇਂ ਜਮਾਨੇ ਅਤੇ ਵਿਗਿਆਨ ਦੀ ਵਿਦਿਆ ਦੇ ਬਹਾਨੇ, ਅਸਲੀ ਸਿੱਖੀ ਦੀ ਵਿਚਾਰਧਾਰਾ ਤੋਂ ਹੀ ਉਲਟ ਜਾ ਚੁਕੇ ਹਾਂ।

"ਜਗਿ ਚਤੁਰੁ ਸਿਆਣਾ ਭਰਮਿ ਭੁਲਾਣਾ ਨਾਉ ਪੰਡਿਤ ਪੜਹਿ ਗਵਾਰੀ
ਨਾਉ ਵਿਸਾਰਹਿ ਬੇਦੁ ਸਮਾਲਹਿ ਬਿਖੁ ਭੂਲੇ ਲੇਖਾਰੀ ॥"

ਅਸੀਂ ਪਿਛਲੀ ਸਦੀ ਤੋਂ ਤਕਰੀਬਨ 18 ਵਾਰ ਪ੍ਰਬੰਧਕ ਬਦਲ ਚੁਕੇ ਹਾਂ, ਪਰ ਪਰਨਾਲਾ ਓਥੇ ਦਾ ਓਥੇ ਹੀ ਰਿਹਾ। ਇਕ ਹਜ਼ਾਰ ਮਹੰਤਾਂ ਨੂੰ ਕੱਢਿਆ ਅਤੇ ਦਸ ਹਜ਼ਾਰ ਮਹੰਤ ਹੋਰ ਬਿਠਾ ਦਿਤਾ। ਹੱਲ ਕੇਵਲ ਇਕ ਹੀ ਹੈ ਕਿ ਧਰਮ ਦਾ ਪਰਚਾਰ ਕਰਨ ਵਾਲੇ ਅਤੇ ਧਾਰਮਿਕ ਅਸਥਾਨਾਂ ਦਾ ਪ੍ਰਬੰਧ ਕਰਨ ਵਾਲੇਂ ਪਹਿਲਾਂ ਖੁਦ ਧਰਮੀ ਹੋਣ। ਅਜ ਦੀ ਲਾਗੂ ਪ੍ਰਬੰਧਕ ਪ੍ਰਨਾਲੀ ਵਿਚ ਇਹ ਨਹੀਂ ਹੋ ਸਕੇਗਾ, ਸਗੋਂ ਦਿਨੋਂ ਦਿਨ ਗੱਲ ਖਰਾਬ ਹੋ ਰਹੀ ਹੈ। ਇਹ ਵੋਟਾਂ ਦਾ ਤਜਰਬਾ ਫੇਹਲ ਹੋ ਚੁਕਾ ਹੈ ਅਤੇ ਕੌਮ ਲਈ ਨੁਕਸਾਨ ਦਾਇਕ ਸਾਬਤ ਹੋਇਆ ਹੈ।

ਹੁਣ ਸਵਾਲ ਸਾਹਮਣੇ ਹੈ ਕਿ ਪ੍ਰਬੰਧਕੀ ਢਾਂਚਾ ਕਿਹੋ ਜਿਹਾ ਹੋਵੇ? ਅਜ ਲੋੜ ਹੈ ਐਸੇ ਨਵੇਂ ਪ੍ਰਬੰਧਕੀ ਸਿਸਟਮ ਨੂੰ ਤਿਆਰ ਕਰਕੇ ਲਾਗੂ ਕਰਨ ਦੀ ਤਾਂ ਕਿ

ਬਾਕੀ ਪੰਨਾ 19 ਉਤੇ


FRIENDS AUTO BODY & PAINTING LTD.

5605 BYRNE RD. BURNABY, B.C. Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU



L/R

THINKING OF BUYING or SELLING

(RESIDENTIAL, COMMERCIAL, FARMS & INDUSTRIAL)

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE






NIRMAL (NEIL) DHALIWAL

Bus: 588-9955 Res: 597-2069

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully




ਪੂਰੀ ਸੋਚ ਵਿਚਾਰ ਤੋਂ ਪਿੱਛੋਂ ਅਸੀਂ ਤੁਹਾਡੇ ਵਰਗੇ ਸਾਰੇ ਹੀ ਨੇਤਾਵਾਂ ਤੋਂ ਪੁਲਸ ਫੋਰਸ ਹਟਾ ਲਈ ਹੈ ਜਿਨ੍ਹਾਂ ਨੂੰ ਦਹਿਸ਼ਤਪਸੰਦਾਂ ਦੇ ਪੱਤਰ ਮਿਲੇ ਹਨ।

# ਇਕ ਚਿੱਠੀ ਆਪਣੇ ਲੋਕਾਂ ਦੇ ਨਾਂ

ਗੁਰਸ਼ਰਨ ਸਿੰਘ



ਮੇਰੇ ਲੋਕੋ,

ਇਹ ਚਿੱਠੀ ਮੈਂ ਤੁਸਾਂ ਵੱਲ ਲਿਖ ਰਿਹਾ ਹਾਂ। ਸਵੇਰੇ ਸਵੇਰੇ ਅਖਬਾਰ ਆਈ ਹੈ, ਇਸ ਵਿਚ ਦੋ ਖਬਰਾਂ ਹਨ। ਇਕ ਖਬਰ ਇਹ ਹੈ ਕਿ ਅਤਿਵਾਦੀਆਂ ਨੇ ਕਲ ਦਿਨ ਦੇ ਯਾਰਾਂ ਵਜੇ ਅੰਮ੍ਰਿਤਸਰ ਦੇ ਨੇੜੇ ਗੁਰੂ ਕੀ ਵਡਾਲੀ ਹਾਈ ਸਕੂਲ ਆ ਕੇ ਇਕ ਕਮਰੇ ਵਿਚ ਬੈਠੇ ਮਾਸਟਰਾਂ ਉਤੇ ਗੋਲੀਆਂ ਦੀ ਵਾਛੜ ਕਰ ਦਿੱਤੀ। ਮਾਸਟਰ ਅਤੇ ਇਕ ਸਕੂਲ ਦਾ ਕਲਰਕ ਥਾਂ ਤੇ ਦਮ ਤੋੜ ਗਏ ਤੇ ਬੁਰੀ ਤਰ੍ਹਾਂ ਜ਼ਖਮੀ ਗੰਭੀਰ ਹਾਲਤ ਵਿਚ ਹਸਪਤਾਲ ਪੁਚਾਏ ਗਏ ਹਨ। ਇਸ ਖਬਰ ਦੇ ਨਾਲ ਇਕ ਇਕ ਖਬਰ ਹੋਰ ਸੀ ਕਿ ਬਰਨਾਲਾ ਵਜ਼ਾਰਤ ਵਿਚ ਇੱਕੀ ਵਜ਼ੀਰਾਂ ਦਾ ਵਾਧਾ ਕੀਤਾ ਗਿਆ ਹੈ। 29 ਵਜ਼ੀਰਾਂ ਦੀ ਫੌਜ ਦੀ ਇਕ ਤਸਵੀਰ ਸੀ ਜਿਸ ਵਿਚ ਅਗਲੀ ਕਤਾਰ ਵਿਚ ਕੁਝ ਸੀਨੀਅਰ ਵਜ਼ੀਰ ਕੁਰਸੀਆਂ ਤੇ ਬੈਠੇ ਸਨ ਤੇ ਰਹਿੰਦ ਖੂੰਹਦ ਵਜ਼ੀਰ ਕੁਰਸੀਆਂ ਦੀ ਥੁੜ ਕਰਕੇ ਦੂਜੀ ਕਤਾਰ ਵਿਚ ਖੜੇ ਸਨ। ਖਬਰ ਇਹ ਵੀ ਸੀ ਕਿ ਜਦੋਂ ਇਸ ਵਜ਼ੀਰਾਂ ਦੀ ਫੌਜ ਨੂੰ ਯਾਰਾਂ ਵਜੇ ਸੌਂਹ ਚੁਕਾਈ ਜਾ ਰਹੀ ਸੀ ਤਾਂ ਪੰਜਾਬ ਭਵਨ ਵਿਚ ਵਿਧਾਇਕਾਂ ਦੇ ਸਮਰਥਕਾਂ ਦੀ ਇਤਨੀ ਭੀੜ ਸੀ ਕਿ ਪੁਲਸ ਨੂੰ ਭੀੜ ਉਤੇ ਕਾਬੂ ਪਾਉਣਾ ਮੁਸ਼ਕਲ ਹੋ ਗਿਆ ਸੀ। ਦਿਨ ਦੇ ਯਾਰਾਂ ਵਜੇਂ ਗੁਰੂ ਕੀ ਵਡਾਲੀ ਸਾਧਾਰਨ ਸ਼ਹਿਰੀ ਗੋਲੀਆਂ ਨਾਲ ਭੁੰਨੇ ਜਾ ਰਹੇ ਸਨ ਤੇ ਯਾਰਾਂ ਵਜੇ ਚੰਡੀਗੜ੍ਹ ਬੇਜ਼ਮੀਰੇ ਵਜ਼ੀਰਾਂ ਦੀ ਭੀੜ ਸੌਂਹ ਚੁੱਕ ਰਹੀ ਸੀ ਕਿ ਪੰਜਾਬ ਦੇ ਖਜ਼ਾਨੇ ਨੂੰ ਕਿਸ ਤਰ੍ਹਾਂ ਝੰਡੀ ਵਾਲੀਆਂ ਕਾਰਾਂ, ਨਵੇਂ ਫਰਨੀਚਰ ਅਤੇ ਏਅਰ ਕੰਡੀਸ਼ਨ ਨਾਲ ਲੈਸ ਕੋਠੀਆਂ ਨਾਲ ਠੂੱਟਿਆ ਜਾਣਾ ਹੈ ਅਤੇ ਆਪਣੇ ਸਮਰਥਕਾਂ ਨੂੰ ਇਸ ਲੁੱਟ ਦਾ ਹਿੱਸੇਦਾਰ ਬਣਾਉਣਾ ਹੈ।

ਇਹਦੇ ਵਿਚ ਕਸੂਰ ਕਿਸਦਾ ਹੈ? ਆਖਿਆ ਜਾ ਸਕਦਾ ਹੈ ਕਿ ਇਸ ਦੇਸ਼ ਦੇ ਕਹਿੰਦੇ ਕਹਿਲੌਂਦੇ ਪਾਰਲੀਮੈਂਟਰੀ ਸਿਸਟਮ ਦਾ ਹੈ ਜੋ ਬੇਈਮਾਨ ਸਿਆਸਤ ਦੀ ਜੜ੍ਹ ਹੈ। ਜਿਥੇ ਚੁਣੇ ਹੋਏ ਨੁਮਾਇੰਦਿਆਂ ਦਾ ਕੋਈ ਅਸੂਲ ਜਾਂ ਜ਼ਮੀਰ ਨਹੀਂ ਹੁੰਦੀ ਸਿਰਫ ਕੁਰਸੀ ਦੀ ਲਾਲਸਾ ਹੁੰਦੀ ਹੈ ਪਰ ਇਹ ਕਸੂਰ ਮੇਰੇ ਲੋਕੋ ਤੁਹਾਡਾ ਵੀ ਹੈ ਜਿਹੜੇ ਕੋਈ ਵੀ ਸਬਕ ਨਹੀਂ ਸਿਖ ਰਹੇ ਹੋ। ਪਹਿਲੀਆਂ ਦੋ ਤਿੰਨ ਅਲੈਕਸ਼ਨ ਵਿਚ ਤਾਂ ਮੰਨਿਆ ਜਾ ਸਕਦਾ ਸੀ ਕਿ ਤੁਹਾਨੂੰ ਗਲ ਦੀ ਸਮਝ ਨਹੀਂ ਪੈ ਰਹੀ ਤੇ ਤੁਹਾਡੇ ਹੱਥੋਂ ਹੀ ਗਲਤ ਬੰਦੇ ਚੁਣੇ ਜਾਂਦੇ ਹਨ ਪਰ ਹੁਣ ਤਾਂ ਅੱਠ ਨੌਂ ਅਲੈਕਸ਼ਨਾਂ ਦੇ ਤਜ਼ਰਬਿਆਂ ਵਿਚੋਂ ਤੁਸੀਂ ਲੰਘ ਚੁੱਕੇ ਹੋ। ਹੁਣ ਵੀ ਤੁਸੀਂ ਸਹੀ ਨੁਮਾਇੰਦਿਆਂ ਦੀ ਜੇਕਰ ਚੋਣ ਨਹੀਂ ਕਰ ਸਕਦੇ ਤਾਂ ਇਸ ਮੂਰਖਤਾ ਦੀ ਜ਼ਿੰਮੇਵਾਰੀ ਤੋਂ ਤੁਸੀਂ ਸੁਰਖਰੂ ਨਹੀਂ ਕਹੇ ਜਾ ਸਕਦੇ।

● ਹਾਲੀ ਸਤ ਮਹੀਨੇ ਹੀ ਹੋਏ ਹਨ, ਮੈਂ ਤੁਹਾਨੂੰ ਇਸ ਗੱਲ ਦੀ ਵਧਾਈ ਦਿੱਤੀ ਸੀ ਕਿ ਤੁਸੀਂ ਕਾਂਗਰਸ ਜੋ ਕਿ ਇਕ ਭ੍ਰਿਸ਼ਟ ਪਾਰਟੀ ਹੈ ਅਤੇ ਭਾਰਤ ਵਿਚ ਚਲ ਰਹੇ ਗੰਦੇ ਨਜ਼ਾਮ ਦੀ ਕਰਤਾ ਧਰਤਾ ਹੈ, ਉਸਨੂੰ ਤੁਸੀਂ ਕਰਾਰੀ ਹਾਰ ਦਿੱਤੀ ਹੈ। ਮੈਂ ਹੁਣ ਵੀ ਸਮਝਦਾ ਹਾਂ ਕਿ ਤੁਸੀਂ ਉਸ ਅਮਲ ਲਈ ਵਧਾਈ ਦੇ ਪਾਤਰ ਸੀ ਪਰ ਆਉਣ ਵਾਲੇ ਸਮੇਂ ਵਿਚ ਸਾਡਾ ਪ੍ਰਾਂਤ ਜਿਹੜੇ ਤਲਖ ਤਜਰਬੇ ਵਿਚੋਂ ਲੰਘ ਰਿਹਾ ਹੈ ਉਹ ਦਸਦਾ ਹੈ ਕਿ ਸਾਡੀ ਮੁਕਤੀ ਹਾਲੇ ਦੂਰ ਦੀ ਗੱਲ ਹੈ ਮੈਨੂੰ ਤੇ ਤੁਹਾਨੂੰ ਹੋਰ ਸਿਆਣਾ ਹੋਣਾ ਚਾਹੀਦਾ ਹੈ।

● ਇਸ ਵਿਚ ਸ਼ੱਕ ਨਹੀਂ ਕਿ ਪੰਜਾਬ ਇਸ ਵੇਲੇ ਦੋ ਦੇਵ ਤਾਕਤਾਂ ਦੀ ਆਪਸੀ ਲੜਾਈ ਦਾ ਅਖਾੜਾ ਬਣ ਚੁਕਿਆ ਹੈ। ਅਮਰੀਕੀ ਸਰਕਾਰ ਭਾਰਤ ਦੀ ਸਰਕਾਰ ਨੂੰ ਜਿੱਚ ਕਰਨਾ ਚਾਹੁੰਦੀ ਹੈ ਕਿਉਂਕਿ ਭਾਰਤ ਦੀ ਸਰਕਾਰ ਅੰਤਰਰਾਸ਼ਟਰੀ ਮਾਮਲਿਆਂ ਵਿਚ ਬਹੁਤ ਵਾਰੀ ਰੂਸ ਦਾ ਪੱਖ ਪੂਰਦੀ ਹੈ। ਪਰ ਅਸੀਂ ਇਹ ਕਹਿਕੇ ਆਪਣੀ ਮੂਰਖਤਾ ਉਤੇ ਪਰਦਾ ਨਹੀਂ ਪਾ ਸਕਦੇ। ਗੁਰੂ ਕੀ ਵਡਾਲੀ ਗੋਲੀਆਂ ਚਲਾਉਣ ਵਾਲੇ ਕੋਈ ਅਮਰੀਕਨ ਨਹੀਂ ਜੋ ਸੱਤ ਸਮੁੰਦਰੋਂ ਪਾਰ ਆ ਕੇ ਗੋਲੀਆਂ ਚਲਾ ਗਏ। ਉਹ ਸਾਡੇ ਹੀ ਜਨੂੰਨ ਹੱਥੋਂ ਪਾਗਲ ਹੋਏ ਨੌਜਵਾਨ ਹਨ। ਉਹ ਇਹ ਕਾਰਵਾਈਆਂ ਕਰਕੇ ਸਾਡੇ ਹੀ ਪਿੰਡਾਂ ਵਿਚ ਸ਼ਹਿਰਾਂ ਵਿਚ ਸਾਡੇ ਹੀ ਘਰਾਂ ਵਿਚ ਪਨਾਹ ਲੈਂਦੇ ਹਨ। ਸ਼ਰਾਬਾਂ ਪੀ ਕੇ ਆਪਣੀਆਂ ਬਹਾਦਰੀਆਂ ਦੀ ਬੜ੍ਹਕਾਂ ਮਾਰਦੇ ਹਨ, ਉਚੀ ਉਚੀ ਕਹਿੰਦੇ ਹਨ ਅਸੀਂ ਤਾਂ ਫੂਕ ਕੇ ਰਖ ਦੇਵਾਂਗੇ ਕਿਨੂੰ ਫੂਕ ਕੇ ਰੱਖ ਦੇਣਗੇ? ਕਦੀ ਅਸੀਂ ਪੁਛਣ ਦੀ ਹਿੰਮਤ ਕੀਤੀ ਹੈ? ਸਕੂਲ ਦੇ ਮਾਸਟਰਾਂ ਨੂੰ? ਸਕੂਲ ਪੜ੍ਹਦੇ ਬੱਚਿਆਂ ਹੈ? ਬਜਾਏ ਇਸਦੇ ਕਿ ਅਸੀਂ ਸਪੱਸ਼ਟ ਸਟੈਂਡ ਲੈ ਕੇ ਇਹਨਾਂ ਵਹਿਸ਼ੀਆਨਾ ਕਾਰਵਾਈਆਂ ਨੂੰ ਨਿੰਦੀਏ ਅਸਾ ਇਨ੍ਹਾਂ ਨੂੰ ਨਵੰਬਰ ਘਟਨਾਵਾਂ ਜਾਂ ਦਰਬਾਰ ਸਾਹਿਬ ਵਿਚ ਪੁਲਸ ਭੇਜਣ ਦੀ ਕਾਰਵਾਈ ਨਾਲ ਜੋੜਕੇ ਹੋਰ ਹੀ ਬਹਿਸਾਂ ਵਿਚ ਉਲਝ ਜਾਂਦੇ ਹਾਂ। ਵਡਾਲੀ ਦੇ ਸਕੂਲ ਦੇ ਮਾਸਟਰਾਂ ਨੇ ਤਾਂ ਦਰਬਾਰ ਸਾਹਿਬ ਵਿਚ ਪੁਲਸ ਨਹੀਂ ਭੇਜੀ ਸੀ। ਇਹ ਨੌਜਵਾਨ ਗੁੰਮਰਾਹ ਹਨ, ਇਹ ਬੁਜ਼ਦਿਲ ਹਤਿਆਰੇ ਹਨ ਅਸੀਂ ਇਹਨਾਂ ਬੁਜ਼ਦਿਲ ਹਤਿਆਰਿਆਂ ਨੂੰ ਜਦੋਂ ਆਪਣੀ ਬਾਤ ਵਿਚ ਸੂਰਮੇ ਤੇ ਸ਼ਹੀਦ ਆਖਣ ਲਗ ਪੈਂਦੇ ਹਾਂ ਤਾਂ ਸਾਨੂੰ ਮੰਨਣਾ ਪਵੇਗਾ ਕਿ ਅਸੀਂ ਇਹਨਾਂ ਕਤਲਾਂ ਦੇ ਅਸਿਧੇ ਤੌਰ ਤੇ ਭਾਈਵਾਲ ਹਾਂ

● ਸਾਡੇ ਵਿਚੋਂ ਬਹੁਤੇ ਅੱਜ ਕੱਲ ਬੇਦਲੀਲੀ ਗੱਲ ਕਰਦੇ ਹਨ। ਨਵੰਬਰ ਘੱਲੂਘਾਰੇ ਵੇਲੇ ਸਿਖ ਘਰਾਣਿਆਂ ਵਿਚ ਇਹ ਆਮ ਗੱਲ ਸੁਣੀ ਕਿ ਇੰਦਰਾ ਗਾਂਧੀ ਨੂੰ ਜੇਕਰ ਦੋ ਸਿੱਖਾਂ ਨੇ ਮਾਰਿਆ ਹੈ ਤਾਂ ਇਹਦਾ ਬਦਲਾ ਸਾਰਿਆਂ ਬੇਗੁਨਾਹ ਸਿੱਖਾਂ ਕੋਲੋਂ ਲੈਣਾ ਕਿਥੋਂ ਤੱਕ ਵਾਜਬ ਹੈ? ਬਿਲਕੁਲ ਸਹੀ ਸਵਾਲ ਹੈ। ਪਰ ਇਹਨਾਂ ਹੀ ਸਿਖ ਘਰਾਣਿਆਂ ਵਿਚ (ਮੇਰਾ ਜ਼ਾਤੀ ਤਜਰਬਾ ਹੈ) ਜਦੋਂ ਤਰਨਤਾਰਨ ਦੇ ਨੇੜੇ ਢੱਟੀਆਂ ਵਿਚ ਬਸ ਵਿਚੋਂ ਕੱਢ ਕੇ ਮਾਰੇ ਗਏ ਹਿੰਦੂ ਮੁਸਾਫਰਾਂ ਦੀ ਗੱਲ ਹੋਈ ਤਾਂ ਝੱਟ ਕਹਿ ਦਿਤਾ ਗਿਆ ਕਿ ਉਹ ਤਰਨ ਤਾਰਨ ਸ਼ਹਿਰ ਕੀਤੀ ਗਈ ਹਿੰਦੂਆਂ ਦੀ ਜ਼ਿਆਦਤੀ ਦਾ ਨਤੀਜਾ ਸੀ। ਬਿਲਕੁਲ ਇਸ ਤਰ੍ਹਾਂ ਦੀਆਂ ਬੇਦਲੀਲੀ ਵਾਲੀਆਂ ਗੱਲਾਂ ਹਿੰਦੂ ਘਰਾਂ ਵਿਚ ਵੀ ਕੀਤੀਆਂ ਹਨ। ਜਦੋਂ ਇਹ ਗੱਲ ਆਖੀ ਜਾਂਦੀ ਹੈ ਕਿ ਭਾਰਤ ਵਿਚ ਸਿਖ ਘੱਟ ਗਿਣਤੀ ਦੇ ਲੋਕਾਂ ਨਾਲ ਨਵੰਬਰ ਵਿਚ ਬਹੁਤ ਜ਼ਿਆਦਤੀ ਹੋਈ ਹੈ ਤਾਂ ਕਮਅਜ਼ਕਮ ਇਸ ਜ਼ਿਆਦਤੀ ਕਰਨ ਵਾਲੇ ਲੋਕਾਂ ਨੂੰ ਵੱਡੀ ਵਜ਼ੀਰੀ ਵਿਚ ਸ਼ਾਮਿਲ ਨਹੀਂ ਕੀਤਾ ਜਾਣਾ ਚਾਹੀਦਾ ਸੀ ਤੇ ਪਾਰਲੀਮੈਂਟ ਵਿਚ ਵੀ ਇਹਨਾਂ ਮਾਰੇ ਗਏ ਸਿੱਖਾਂ ਨਾਲ ਹਮਦਰਦੀ ਦਾ ਮਤਾ ਜ਼ਰੂਰ ਆਉਣਾ ਚਾਹੀਦਾ ਸੀ ਤਾਂ ਝੱਟ ਇਹ ਆਖਿਆ ਜਾਂਦਾ ਹੈ ਕਿ ਇਹ ਤਾਂ ਭੂਤਰੇ ਹੀ ਬਹੁਤੇ ਸਨ, ਇਹਨਾਂ ਨੂੰ ਸਬਕ ਸਿਖਾਇਆ ਹੀ ਜਾਣਾ ਚਾਹੀਦਾ ਸੀ। ਇਹ ਬੇਦਲੀਲਾਪਨ ਸਾਡੇ ਵਿਚੋਂ ਮਨੁੱਖਤਾ ਨੂੰ ਹੌਲੇ ਹੌਲੇ ਘੁੰਣ ਵਾਕੁਨ ਖਾਈ ਜਾ ਰਿਹਾ ਹੈ। ਅਸੀਂ ਇਹਦੇ ਭਿਆਨਕ ਨਤੀਜੇ ਭੋਗ ਰਹੇ ਹਾਂ।

ਬਾਕੀ ਪੰਨਾ 21 'ਤੇ

ISP INDIA SARI PALACE

6657 MAIN ST., VANCOUVER, B.C.
PHONE (604) 324-2565

ਧੜਾਧੜ ਨਵੇਂ ਨਵੇਂ ਡੀਜ਼ਾਈਨਾਂ ਤੇ ਰੰਗਾਂ ਵਿਚ ਕੱਪੜੇ ਦੀਆਂ ਸ਼ਿਪਮੈਂਟਾਂ ਪਹੁੰਚ ਰਹੀਆਂ ਹਨ!

ਸ੍ਰੀਦੇਵੀ ਸਾੜ੍ਹੀਆਂ ਹੁਣ ਤੁਹਾਨੂੰ ਸਿਰਫ ਆਈ. ਐਸ. ਪੀ. (ਇੰਡੀਆ ਸਾੜ੍ਹੀ ਪੈਲੇਸ) ਤੋਂ ਅਨੇਕਾਂ ਰੰਗਾਂ ਤੇ ਡੀਜ਼ਾਈਨਾਂ ਵਿਚ ਮਿਲ ਸਕਦੀਆਂ ਹਨ।



ਵਿਆਹਾਂ ਸ਼ਾਦੀਆਂ ਤੇ ਦਾਜ ਵਰੀ ਦਾ ਸਾਰਾ ਸਮਾਨ ਖਰੀਦਣ ਵਾਲੇ ਗਾਹਕਾਂ ਨੂੰ ਖਾਸ ਡਿਸਕਾਊਂਟ ਦਿੱਤਾ ਜਾਵੇਗਾ!

ਪੰਨਾ 20 ਦੀ ਬਾਕੀ

● ਸਾਨੂੰ ਆਪਣੇ ਦਿਮਾਗ ਵਿਚੋਂ ਇਹ ਗੱਲ ਕੱਢ ਦੇਣੀ ਚਾਹੀਦੀ ਹੈ ਕਿ ਪੰਜਾਬ ਜਿਹੜਾ ਸੰਤਾਪ ਭੋਗ ਰਿਹਾ ਹੈ, ਇਹਦਾ ਬਾਕੀ ਭਾਰਤ ਤੇ ਵੀ ਬੜਾ ਅਸਰ ਪੈ ਰਿਹਾ ਹੈ। ਸਿਆਸੀ ਪਾਰਟੀਆਂ ਜਾਂ ਕੌਮੀ ਪੱਧਰ ਦੀਆਂ ਅਖਬਾਰਾਂ ਭਾਵੇਂ ਜਿਨਾ ਮਰਜ਼ੀ ਰੌਲੀ ਪਾਂਦੀਆਂ ਰਹਿਣ, ਪੰਜਾਬ ਤੋਂ ਬਾਹਰ ਭਾਰਤ ਦੇ ਲੋਕਾਂ ਦੀ ਸਿਹਤ ਨੂੰ ਰੱਤਾ ਜਿਨਾ ਵੀ ਫਰਕ ਨਹੀਂ ਪੈਂਦਾ। (ਸਿਵਾਏ ਬਾਹਰ ਵਸਦੀ ਸਿਖ ਵਸੋਂ ਤੇ ਜਿਨ੍ਹਾਂ ਦੀ ਜਾਨ ਪੰਜਾਬ ਹਰ ਘਟਨਾ ਤੋਂ ਬਾਅਦ ਸੂਲੀ ਤੇ ਟੰਗੀ ਜਾਂਦੀ ਹੈ ਜਿਸ ਤਰ੍ਹਾਂ ਪੰਜਾਬ ਵਿਚ ਵਸਦੀ ਹਿੰਦੂ ਵਸੋਂ ਦੀ ਟੰਗੀ ਜਾਂਦੀ ਹੈ।) ਸਾਡੇ ਆਪਣੇ ਪੰਜਾਬ ਦੇ ਲੋਕ ਭਾਵੇਂ ਉਹ ਬਾਹਰ ਵਸਦੇ ਸਿਖ ਹਨ ਜਾਂ ਇਥੇ ਵਸਦੇ ਹਿੰਦੂ ਹਨ ਇਸ ਤਰ੍ਹਾਂ ਆਪਣੇ ਹੀ ਲੋਕਾਂ ਦੀਆਂ ਕਾਰਵਾਈਆਂ ਕਰਕੇ 'ਕੁਰਬਾਨੀ ਦੇ ਬੱਕਰੇ' ਵਾਲੀ ਹਾਲਤ ਵਿਚ ਪੁਜ ਜਾਂਦ ਇਹ ਸ਼ਰਮ ਦੀ ਗੱਲ ਹੈ। ਇਸਦਾ ਫਿਕਰ ਸਾਨੂੰ ਹੀ ਹੋਣਾ ਚਾਹੀਦਾ ਹੈ। ਹੋਰ ਕਿਸੇ ਨੂੰ ਨਹੀਂ ਹੋਵੇਗਾ। ਪੰਜਾਬ ਉਜੜਦਾ ਹੈ ਅਸੀਂ ਹੀ ਉਜੜਦੇ ਹਾਂ। ਹੋਰ ਕੋਈ ਨਹੀਂ ਉਜੜਦਾ, ਇਸ ਬਾਰੇ ਬਿਲਕੁਲ ਹੀ ਸਪੱਸ਼ਟ ਹੋ ਜਾਣਾ ਚਾਹੀਦਾ ਹੈ।

● ਅਸੀਂ ਸਮਝਦਾਰ ਹੁੰਦੇ ਹੋਏ ਵੀ ਮੂਰਖ ਕਿਉਂ ਬਣ ਜਾਂਦੇ ਹਾਂ, ਬੇਦਲੀਲੇ ਕਿਉਂ ਬਣ ਜਾਂਦੇ ਹਾਂ। ਇਹ ਸੋਚਣ ਵਾਲੀ ਗੱਲ ਹੈ। ਬਹੁਤ ਹੀ ਸੋਚਣ ਵਾਲੀ ਗੱਲ ਹੈ, ਇਸਦੀ ਜੜ੍ਹ ਧਾਰਮਕ ਸ਼ਾਵਨਵਾਦ ਹੈ। ਹਰ ਧਰਮ ਦੀ ਮੁੱਢਲੀ ਸਚਾਈ ਕੋਈ ਵੀ ਹੋਵੇ ਪਰ ਇਕ ਖਤਰਨਾਕ ਰੁੱਚੀ ਹਰ ਧਰਮ ਦੇ ਪੈਰੋਕਾਰਾਂ ਵਿਚ ਪਾਈ ਜਾਂਦੀ ਹੈ, ਉਹ ਰੁੱਚੀ ਇਹ ਮੰਨਕੇ ਤੁਰਨਾ ਹੈ ਕਿ ਸਾਡੇ ਧਰਮ ਕੋਲ ਹੀ ਆਖਰੀ ਸਚਾਈ ਹੈ ਹਰ ਇਕ ਧਰਮ ਵੱਧ ਫੁੱਲ ਤਾਂ ਹੀ ਸਕਦਾ ਹੈ ਜੇਕਰ ਉਹ ਦੂਜੇ ਧਰਮ ਦੇ ਕਿਸੇ ਨਾ ਕਿਸੇ ਪੱਖ ਨੂੰ ਕਾਟ ਕਰਦਾ ਹੈ। ਇਹ ਸੋਚਣੀ ਸਾਡੇ ਵਿਚ ਤੁਅੱਸਬ ਪੈਦਾ ਕਰਦੀ ਹੈ ਸਾਡੀ ਦਲੀਲ ਦੀ ਸੋਚਣੀ ਨੂੰ ਧੁੰਦਲਾ ਕਰਦੀ ਹੈ। ਅਸੀਂ ਸੌ ਵਾਰੀ ਦੁਹਰਾਈਏ ਕਿ ਮਜ਼ਹਬ ਨਹੀਂ ਸਿਖਾਤਾ ਆਪਸ ਵਿਚ ਵੈਰ ਰਖਣਾ ਪਰ ਇਤਿਹਾਸ ਤੇ ਨਿਗਾਹ ਮਾਰੀਏ ਤਾਂ ਮਜ਼ਬ ਹੀ ਸਾਰੀਆਂ ਲੜਾਈਆਂ ਦੀ ਜੜ੍ਹ ਹੋ ਕੇ ਨਿਬੜਦਾ ਹੈ ਭਾਵੇਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਨੁੱਖ ਦੇ ਵਿਕਾਸ ਵਿਚ ਧਾਰਮਕ ਅਕੀਦਿਆਂ ਨੇ ਬੜੀ ਵਾਰੀ ਹਾਂ-ਪੱਖੀ ਭੂਮਿਕਾ ਨਿਭਾਈ ਹੈ। ਸਾਡੇ ਲਈ ਸਵਾਲ ਪੈਦਾ ਹੁੰਦਾ ਹੈ ਕਿ ਅਸੀਂ ਕਿਉਂ ਐਸੇ ਅਕੀਦੇ ਨਾਲ ਚਮੜੇ ਰਹੀਏ ਜਿਹੜਾ ਦੋ ਧਾਰੀ ਹੈ। ਅੱਜ ਮਨੁੱਖਤਾ ਦਾ ਇਕ ਨਵਾਂ ਅਕੀਦਾ ਪੈਦਾ ਹੋਣਾ ਚਾਹੀਦਾ ਹੈ ਜਿਸ ਵਿਚ ਦਲੀਲ ਹੋਵੇ ਤੇ ਜਿਸ ਵਿਚ ਹੌਂਸਲਾ ਹੋਵੇ ਕਿ ਉਹ ਬੇਦਲੀਲੀ ਗੱਲ ਨੂੰ ਰੱਦ ਕਰ ਸਕਦਾ ਹੋਵੇ, ਇਹ ਅਕੀਦਾ ਭਾਵੇਂ ਧਾਰਮਿਕ ਫਲਸਫੇ ਤੋਂ (ਧਰਮ ਤੋਂ ਨਹੀਂ, ਜਿਸਨੇ ਫਲਸਫੇ ਨੂੰ ਖਾਹਮਖਾਹ ਰੀਤੀਆਂ ਦੀ ਸ਼ਕਲ ਦਿਤੀ ਹੋਈ ਹੈ) ਤੇ ਭਾਵੇਂ ਵਿਗਿਆਨਕ ਸੋਚਣੀ ਤੋਂ ਆਂਦਾ ਹੋਵੇ, ਅਪਣਾਉਣਾ ਚਾਹੀਦਾ ਹੈ।

● ਪੰਜਾਬ ਦੇ ਮਸਲੇ ਦੇ ਕਈ ਪਹਿਲੂ ਹਨ। ਇਹ ਆਰਥਿਕ ਵੀ ਹਨ, ਸਭਿਆਚਾਰਕ ਵੀ ਹਨ ਤੇ ਸੰਸਾਰ ਸਿਆਸਤ ਦਾ ਹਿਸਾ ਵੀ ਹਨ। ਇਹ ਹੱਲ ਹੋਣਗੇ। ਬੜੀ ਵਾਰ ਲੰਮੇ ਸੰਘਰਸ਼ ਵੀ ਹੋਣਗੇ ਪਰ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਦਲੀਲ ਦਾ ਪੱਲਾ ਨਾ ਛੱਡੀਏ ਧਾਰਮਕ ਸ਼ਾਵਨਵਾਦ ਤੋਂ ਉਤੇ ਹੋ ਕੇ ਨਿਰਪੱਖ ਗੱਲ ਕਰੀਏ। ਗਲਤ ਕਾਰਵਾਈਆਂ ਦੇ ਖਿਲਾਫ ਸ਼ਕਤੀਸ਼ਾਲੀ ਰਾਏਆਮਾ ਬਣਾਈਏ ਭਾਵੇਂ ਉਹ ਕਿਸੇ ਵੀ ਧਿਰ ਵਲੋਂ ਕੀਤੀ ਜਾਂਦੀ ਹੈ। ਤਰਕ ਅਤੇ ਸਿਰਫ ਤਰਕ ਵਿਚ ਸਾਡੀ ਮੁਕਤੀ ਹੈ, ਹੋਰ ਕੋਈ ਰਾਹ ਨਹੀਂ।

● ਇਹ ਰਾਏਆਮਾ ਕਿਸ ਤਰ੍ਹਾਂ ਬਣਾਈ ਜਾਏ ? ਆਮ ਗਲਬਾਤ ਵਿਚ, ਸੱਥ ਵਿਚ ਬੈਠੇ ਗਲਬਾਤ ਵਿਚ ਜਲਸੇ ਕਰਕੇ, ਰੈਲੀਆਂ ਕਰਕੇ, ਨਾਟਕ ਕਰਕੇ, ਗੋਸ਼ਟੀਆਂ ਕਰਕੇ ਇਹ ਸਭ ਕੁਝ ਕੀਤਾ ਜਾਏ। ਸਾਡੇ ਬਹੁਤ ਸਾਰੇ ਦੋਸਤ ਪਹਿਲੇ ਹੀ ਇਸ ਵਿਚ ਯਤਨਸ਼ੀਲ ਹਨ। ਉਹਨਾਂ ਨੂੰ ਸਹਿਯੋਗ ਦੇਈਏ। ਪਰ ਪਾਖੰਡੀਆਂ ਤੋਂ ਬਚੀਏ। ਕਾਂਗਰਸ ਵਾਲੇ ਜੇਕਰ ਕੋਈ ਏਕਤਾ ਦੀ ਗੱਲ ਕਰਦੇ ਹਨ ਤਾਂ ਇਹ ਪਖੰਡ ਹੈ, ਕਿਉਂਕਿ ਉਹੀ ਦੇਸ਼ ਪੱਧਰ ਤੇ ਇਹ ਏਕਤਾ ਤੋੜਣ ਦੇ ਜ਼ਿੰਮੇਵਾਰ ਹਨ। ਅਕਾਲੀ ਵੀ ਇਹ ਹੱਕ ਗਵਾ ਬੈਠੇ ਹਨ। ਕੁਰਸੀਆਂ ਦੇ ਲਾਲਚ ਵਿਚ ਉਹਨਾਂ ਦੀਆਂ ਸਾਰੀਆਂ ਬੇਅਸੂਲੀਆਂ ਨੰਗੀਆਂ ਹੋ ਗਈਆਂ ਹਨ। ਹੋਰਨਾਂ ਨਾਲ ਰਲਕੇ ਸਿਆਣੇ ਬਣਕੇ ਆਪਣੇ ਬਣਦੇ ਫਰਜ਼ ਨੂੰ ਪੂਰਾ ਕਰੀਏ। ਇਹ ਅੱਜ ਦੀ ਲੋੜ ਹੈ।

# ਬੰਸੀ ਲਾਲ ਨੂੰ 'ਜੁੜਵੇਂ ਸ਼ਹਿਰਾਂ' ਦਾ ਫਾਰਮੂਲਾ ਪ੍ਰਵਾਨ ਨਹੀਂ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਹਰਿਆਣਾ ਦੇ ਮੁੱਖ ਮੰਤਰੀ ਚੌ: ਬੰਸੀ ਲਾਲ ਨੇ ਪੰਜਾਬ ਅਤੇ ਹਰਿਆਣਾ ਵਿਚਾਲੇ ਸਰਹੱਦੀ ਝਗੜੇ ਦਾ ਨਿਪਟਾਰਾ ਕਰਨ ਲਈ ਰਾਜਧਾਨੀ ਕਾਇਮ ਕਰਨ ਵਾਸਤੇ 'ਜੁੜਵੇਂ ਸਹਿਰਾਂ' ਦੀ ਤਜਵੀਜ਼ ਬਾਰੇ ਵੈਂਕਟਰਮਈਆ ਕਮਿਸ਼ਨ ਦਾ ਫਾਰਮੂਲਾ ਰੱਦ ਕਰ ਦਿਤਾ ਹੈ। ਮੁੱਖ ਮੰਤਰੀ ਨੇ ਕਮਿਸ਼ਨ ਅੱਗੇ ਹਰਿਆਣਾ ਦਾ ਪੱਖ ਪੇਸ਼ ਕਰਨ ਵਾਲੇ ਨੁਮਾਇੰਦਿਆਂ ਨੂੰ ਦੱਸਿਆ ਕਿ ਉਨ੍ਹਾਂ ਦੀ ਸਰਕਾਰ ਰਾਜਧਾਨੀ ਉਸਾਰਨ ਲਈ ਰਾਜਪੁਰਾ ਤਹਿਸੀਲ ਵਿਚੋਂ 15000 ਏਕੜ ਜ਼ਮੀਨ ਲੈ ਲੈਣ ਬਾਰੇ ਪੰਜਾਬ ਸਰਕਾਰ ਦੀ ਪੇਸ਼ਕਸ਼ ਨੂੰ ਸਵੀਕਾਰ ਨਹੀਂ ਕਰ ਸਕਦੀ। ਕਮਿਸ਼ਨ ਅੱਗੇ ਅੰਤਿਮ ਤੌਰ 'ਤੇ ਆਪਣੀਆਂ ਦਲੀਲਾਂ ਪੇਸ਼ ਕਰਦਿਆਂ ਹਰਿਆਣਾ ਸਰਕਾਰ ਦੇ ਵਕੀਲ ਸ੍ਰੀ ਵੇਣੂ ਗੁਪਾਲ ਨੇ ਦੱਸਿਆ ਕਿ ਰਾਜ ਦੀ ਨਵੀਂ ਲੀਡਰਸ਼ਿਪ ਨੂੰ 'ਜੁੜਵੇਂ ਸ਼ਹਿਰ' ਦਾ ਸੰਕਲਪ ਪ੍ਰਵਾਨ ਨਹੀਂ ਹੈ।

---

ਜਿਊਣਾ ਤਾਂ ਘੜੀਆਂ ਪਲਾਂ ਦੇ ਮੱਥੇ ਤੇ
ਲਿਖਣਾ ਹੁੰਦਾ ਹੈ ਹਾਦਸਿਆਂ ਦੀ ਇਬਾਰਤ .
ਕੌਣ ਕਹੇ ਕਿ ਦੋਸਤ ਸੱਜੀ ਬਾਂਹ ਹੀ ਨਹੀਂ
ਪਿੱਠ ਵਿੱਚ ਮਾਰਿਆ ਛੁਰਾ ਵੀ ਹੁੰਦੇ ਨੇ .

---

ਖੂਬਸੂਰਤ ਔਰਤਾਂ ਸਿਰਫ਼ ਮਹਿਬੂਬ ਹੀ ਨਹੀਂ
ਮਾਂ, ਭੈਣ ਤੇ ਪਤਨੀ ਵੀ ਬਣ ਸਕਦੀਆਂ ਨੇ
ਦਿਲ ਸਿਰਫ਼ ਦਰਿਆ ਹੀ ਨਹੀਂ ਹੁੰਦੇ
ਦਿਲ ਕਾਲੇ ਕਾਂ ਵੀ ਹੁੰਦੇ ਨੇ
ਤੇ ਕੌਣ ਕਹੇ
ਕਿ ਮਨੁੱਖ ਆਪਣੇ ਹੀ ਕੰਢਿਆਂ ਤੇ ਖੜ੍ਹਕੇ
ਖੁਰਦਾ ਹੈ .

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ
## SUBSCRIPTION FORM

To

The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................................
Address......................................................
City............................................................
Province......................................................
Postal code..................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 00 dollars |
| ASIA............................ | .00 dollars[a year] |
| U.S.A. ......................... | 30 dollars [a year] |
| Europe ....................... | 100 dollars[a year] |
| Africa ......................... | 100 dollars [a year] |


BHANDAL DRYWALL LTD.

3397 Kingsway, Vancouver, B.C.

Ph. 430-5011



Vice President
Karnail S. Bhandal

President
Jarnail S. Bhandal M.A.



KAHLON IMPORT AUTO SERVICE
I.C.B.C. CLAIMS ACCEPTED
11965-95th Ave. & Scott Road, Delta. Ph.:585-1242

COMPLETE AUTOMOTIVE REPAIRS


MUBARAK KAHLON
ਮੁਬਾਰਕ ਕਾਹਲੋਂ




Special
Free oil change with every TUNE-UP

Japanese — British — European
Licensed Mechanic
* Engine Rebuilding
* Cylinder Heads
* Tune Ups * Brakes
* Carburators & Clutch overhalls
* Automatic Transmissions

Free Estimates — Low Prices — All work guaranteed
Come and see us, we are here




ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

ਕਾਹਲੋਂ ਇੰਮਪੋਰਟ ਔਟੋ ਸਰਵਿਸ
PH.:585-1242

# US-Pak Collusion: The Punjab Theatre

As India enters the mid-eighties, her future has become a major question in world politics. There are many reasons for this. The seven hundred million people of this country comprise nearly one-fourth of the total human race. They have not only wrested political independence from the British rulers but also have embarked on the path of economic independence. If colonial India in the past was the bastion of British imperialims, today's free India with its dynamic domestic and external policies, has become a vital factor in global politics. India is not only the head of the nonaligned movement but has also been a consistent champion of peace, disarmament. elimination of the danger of nuclear war and above all, of a new international economic order. Thus India is playing a great and positive role in shaping modern international relations, for which the American ruling circles are naturally far from being happy. They have, therefore, engaged themselves in a tough battle for destabilising India, if possible balkanising her.

Long before the recent developments in Punjab, American scholars forecast that by the end of the present century, India would no longer remain as a united nation and split into a large number of states. This academic exercise in reality betrayed the thinking of the American ruling circles. In the last three years, these prophets of doom have been more outspoken on this crucial question relating to the unity of India. Let us examine the following.

"Unfortunately, for reasons too complex to discuss in detail here, the United States has generally failed to come to satisfactory terms with India since independence. The Gandhi regime pursues an anti-American policy on a number of issues, the most obvious being Afghanistan and South-East Asia, but India is not the giant it claims to be, in fact, it more aptly suggests the Chinese epithet, a paper tiger. Its weakness lies in its many unresolved domestic and international problems; apart from endemic poverty, there is a noticeable growth of separatist movements, to the extent that there is a real possibility of the balkanisation of India which would destroy its influence in the Third World and elsewhere. Such a development, while raising a host of new problems, would undoubtedly seriously damage the interests of the Soviet Union, a traditional friend of neutralist India. But even if India does not succumb to balkanisation, the non-Communist opposition to Indira Gandhi might consolidate its ranks and create an increasing possibility for the emergence of a realistic alternative government. The United States could watch the erosion of the Nehru-Gandhi tradition, almost irrespective of the form it takes, with some complacency (emphasis added).

In fact, since the notorious Coupland plan, the US policy makers have developed a passion for disintegration of India. Though the game started with the 'Kashmir dispute', over the last 40 years, they have been drawing maps of India with new 'Sikh', 'Christian' and other American satellite states. It was, however, not merely an academic exercise.

Before we come to this aspect of the American policy towards India, it will be pertinent to make a passing reference to other facts of destabilisation.

India for long has been the target of neocolonialist policies aimed at destabilising her. Numerous attempts have been made to bring pressure to bear upon its governments. Nefarious acts, from prompting anti-government actions to bribing select opposition leaders, have been undertaken.

The US has, over the last few years, been attempting to destabilise the internal political situation in India with the help of CIA operations and domestic extremist and separatist forces. It has also been seeking to create a hostile atmosphere around India and to change the alignment of forces in the region to India's disadvantage, thus forcing the country to divert funds from development purposes, and join a forced armed race. This end is pursued through massive exports of up-to-date arms to neighbouring Pakistan.

Washington also pursues an economic policy which is detrimental to the interest of India. It curtails, or even denies financial aid to India. Washington has been contemplating to impose 'tougher terms' for giving loans to India.

Here is a remarkable example. According to western classification, India is a 'low-income bracket country'. However, she had in 1980 received an official aid from the industrialised capitalist states which was smaller than the one received by Israel, which has 195 times less population than India and ranks as an industrialised capitalist country.

Morever, in mid-1982 the IBRD, under whose aegis a consortium for aid to India operates, announced its decision to cut almost by half its relatively easy-term IDA loans to India.

Another instance of western, particularly American, policy of economic blackmaid regarding the states that would not toe the western line, is the World Bank's decision to cut India's share substantially.

Now, let us analyse why the imperialists chose Punjab to start their offensive. It is among those states which constitute the backbone of the Indian economy. It has the highest per capita income. Around 81 per cent of its area under agriculture is irrigated and 98 per cent of the area under wheat and 94 per cent of area under rice are under high-yielding varieties. Punjab has recorded the highest average per hectare yield both of wheat and rice. Between 1974-75 and 1983-84, the production of foodgrains doubled. During this period the share of Punjab in total national production of rice increased from less than 3 per cent to around 9 per cent. At present Punjab accounts for more than one-fifth of the total national output of wheat. The state has been the largest contributor of both rice and wheat to national kitty. Without its contribution it is difficult to run the public distribution system and keep prices under check. Punjab privides employment opportunities to a large number of agricultural labourers from Bihar. Orissa and eastern UP.

The decline in Punjab 's agricultural economy will adversely affect country's industrial economy too. Punjab with its highest per capita income has a very high demand for industrial goods. It has the highest

(conted. at page 23)

MALKIT PARMAR

ROYAL LePAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :



Bus: (604) 590-1321 Res: 589-2650

8699 - 120th St., North Delta, B.C.

Vancouver to

From

Toronto $369.00

Montreal $399.00

Winnipeg $199.00

Calgary $119.00

Edmonton $119.00

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ



Travel to India, Pakistan Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

For booking conditions please call:



Fourways Travel Limited

9341 - 120 St., (Scott Rd.) Delta, B.C.

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

Anywhere in the world.

Ph. (604) 584-1411

(conted. from page 22

per capita consumtion of motor vehicles, synthetic fibres, tractors, pumping sets, fertilisers, pesticides, insecticides and a large number of consumer goods.

It plays an important role in India's export trade. Its exports consist of engineering goods, electrical appliances and gadgets, woollen and cotton hosiery goods, sports goods, readymade garments, etc. It produces 60 per cent of bicycles, and 95 per cent of woollen hosiery units are located in Punjab. As much as 75 per cent woollen hosiery products are exported. Any slackening in the production of industries, catering to export needs, will lead to further deficits in the balance of trade. India will have to curtail its imports or seek commercial loans and both these alternatives are infurious. Products of Punjab's industrial units constitute a significant portion of India's exports to the Soviet Union. If India fails to fulfil its commitments to supply agreed volumes of these goods, the Soviet Union will be forced to look elsewhere. The loss of the Soviet market cannot be easily made up.

On August 30, Prime Minister Indira Gandhi lashed out at the US for not honouring its commitments and for violating agreements. Her anger was understandable . Notwithstanding, India's efforts at improving relations with the US, the US administration has undertaken actions that only inevitably lead to a further slide in relations. This is precisely what is under discussion here. As a matter of fact, American suspicions regarding India not only persist but are hardening under the Reagan administration primarily because India is following an independent policy.

More relevant to India is Washington's view of the regional equations and the way it is building the military might of Pakistan and is working out some sort of an alliance with other countries in the region with Pakistan as the key link. Whatever might have been Carter administration's reservations about India and whatever might have been the nature of its attempts to strike a balance between India and Pakistan, it is certain that Washington now is actively engaged in destabilising India, both economically and politically. The operation destabilisation Punjab has both these objectives in view. But here we are mainly concerned with the overt and covert attempts of the Reagan administration to weaken Punjab.

The former director of the CIA William Colby had in an interview to Time newsmagazine declared that "The US intelligence service has interfered and will go on interfering in the affairs of other States if their policy infringes upon USA's interests." These words are true of India too.

After India won independence, it began to occupy a special place in CIA's plans. The American secret services have set for themselves the aim of destabilising at all costs the political situation in our country in order to make India give up its progressive foreign policy.

Elections to the various bodies of power have a always been regarded by the Amercian espionage department as convenient time for implementing its plans. For example, Carol Lucy, former first secretary of the US embassy in India, was expelled from India in 1957 for her attempts to influence the outcome of the election campaign. CIA agents Keeland and Moor, who worked in the guise of correspondents, were forced to leave India in 1962 on the same ground, William Grimsley, Herbert Spivak, Edwin Peachouse and a number of other American citizens staying in India were accused of interfering with the course of the election compaign in 1967. Americans Terrence Douglas, Norbert Garret and John Yates were found giving active assistance to right-wing forces during the general elections in 1977.

The situation has not changed now. Several months before elections were held in Andhra Pradesh, Karnataka and Tripura—separatist violence broke out in Tripura in North-East India. A certain Dr Barutz, who turned out to be a CIA agent, was implicated in instigating them.

As far as the southern states of Karnataka and Andhra Pradesh are concerned, the US Consulate in Bombay, the closest American centre to them, received instructions to step up work among the local branches of the ultra rightist terrorist organisation 'Anand Marg'. Clearly the aim of the CIA was to plant its own people among politicians, the army and the police.

Some American experts, who have conducted research in CIA operations, have come to the conclusion that a major change has taken place in the technique and operation of the CIA in the eighties in the third world countries, particularly those countries which are following an independent foreign policy. The most important facet of this technique is what these experts call "to spy and disrupt". In fact, this has become the cornerstone of almost all undercover activity organised by the CIA in political parties, groups and institutions of those countries, which have been identified as 'hostile and unfriendly'. India obviously comes in the category of an "unfriendly' country. The crux of the matter is that the CIA is an important political limb of the US administration in implementing its foreign policy.

It is against this backdrop that the CIA activities in Punjab need to be examined. Any analysis at the moment, of CIA operations in Punjab in the recent past has its own limitations, as more facts are yet to be unearthed. it is well known that both in India and abroad the CIA has been the most active American instrument for the promotion of the secessionist movement of Khalistan.

In this connection, two revealing facts need to be recapitulated.

Harry Barnes, US ambassador in India, equated the 'Khalistan' demand with the freedom struggle of the people of Puerto Rico in an interview in mid-June 1983. It was widely reported in the Indian press. It may be mentioned here that Barnes has been listed in authoritative Who is Who in CIA, compiled by Dr Julius Mader on pages 46-47, though the US ambassador has covered more areas since this publication. And he knows more languages than mentioned there. This controversial book is taken seriously by American researchers into, and campaigners against the CIA.

It is also worth mentioning here that the posting of another CIA operator George Griffin as a diplomat in India in the US embassy was blocked by the Indian government.

However, a senior American diplomat of the rank of the first secretary has been a frequent visitor to Chandigarh in the recent past. During the course of his various visits to this ultra modern city, he has been meeting journalists, politicians and some officers. Obviously these mysterious visits had some definite link to what was happening in Punjab.

(to be continued)
(with courtsey from book "Agony of Punjab")

**Goyal Travels Inc.**

IATA

4152 Fraser Street, Vancouver, B.C., Canada V5V 4E8
PH: (604) 872-7658
Toll Free Numbers
In B.C. 112-800-663-9079
In Alberta 1-800-663-9079
From 4 pm to 7 p.m.

Cheapest Fares to:
FIJI—INDIA—PAKISTAN—COLOMBO—NEPAL

**THINKING OF TRAVEL?**
WE CAN SAVE YOU
TIME—TROUBLE—MONEY
ASSOCIATED OFFICES IN INDIA:
• 2 Asia House, K.G. Marg, New Delhi—110001 Phone 389217
• Opposite Nehru Gardens, G.T.Road, Jullundur City Phone 77526
• Court Road, Moga, Distt. Faridkot Phone 2798
• Court Road, Jagraon, Distt. Ludhiana Phone 252

ਬਰਨਬੀ ਵਿਚ ਨਵਾਂ ਗਰੌਸਰੀ ਸਟੋਰ

**ਸੈਂਟਰਲ ਮਾਰਕਿਟ**

ਹੁਣ ਤੁਸੀਂ ਹਰ ਕਿਸਮ ਦੀ ਭਾਰਤੀ ਗਰੌਸਰੀ, ਵਧੀਆ ਅਤੇ ਵਾਜਬ ਕੀਮਤਾਂ ਵਿਚ ਇਥੋਂ
ਪ੍ਰਾਪਤ ਕਰੋ — ਤਾਜ਼ੀਆਂ ਸਬਜ਼ੀਆਂ ਵੀ ਮਿਲ ਸਕਦੀਆਂ ਹਨ
ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ — ਸਵੇਰੇ 9.00 ਵਜੇ ਤੋਂ ਸ਼ਾਮ ਦੇ 9.00 ਵਜੇ ਤੱਕ

**CENTRAL MARKET**

7421 Edmonds Street, BURNABY, B.C.

**Ph. 521-7903**

PIZZA 222 TRADEMARK
The No. 1 PIZZA Company

Announcement
Picture This ...

ਹੁਣ ਤੁਹਾਨੂੰ 'ਪੀਜ਼ਾ' ਲੈਣ ਲਈ ਹੋਰ ਕਿਸੇ
ਥਾਂ ਜਾਣ ਦੀ ਲੋੜ ਨਹੀਂ
ਪੀਜ਼ਾ 222 ਦਾ ''ਪਾਰਟੀ ਪੀਜ਼ਾ''
ਗਰੇਟਰ ਵੈਨਕੂਵਰ ਵਿਚ ਨੰਬਰ 1 ਪੀਜ਼ਾ

2 LARGE PIZZAS $15.99

ਸਾਡੀਆਂ ਹੋਰ ਸਪੈਸ਼ਲ ਆਈਟਮਾਂ
ਲਈ ਓਪਰੇਟਰ ਤੋਂ ਪੁੱਛੋ
ਜਿਸ ਸਾਈਜ਼ ਵਿਚ ਵੀ ਤੁਹਾਨੂੰ ਪੀਜ਼ਾ ਚਾਹੀਦਾ
ਹੈ — ਉਸ ਵਿਚ ਹੀ ਮਿਲੇਗਾ



16 LOCATIONS IN GREATER VANCOUVER

JUST CALL THE MAGIC NUMBER **222-2222**

VISA

**Also ask the operator for other specials.
... or just create your own favorite pizza in any size you desire.**

MasterCard

Hours: 4 p.m. to 2 a.m. Sunday to Wednesday , 4 p.m. to 3 a.m. Thursday, Friday & Saturday

# ROKKO SAREES & FABRICS

**6201 Fraser Street
VANCOUVER
Tel: 327-3033**

## ਰੋਕੋ ਸਾੜ੍ਹੀਜ਼ ਹ.ਫਤੇ ਦੇ ਸੱਤੇ ਦਿਨ
## ਖੁਲ੍ਹਾ ਰਹਿੰਦਾ ਹੈ



ROKKO SAREES

ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ